# ਸੰਵੇਦਨਾ

| ਸਾਲਾਨਾ | ਅੰਕ:02 |
|---|---|

## ਇੱਕ ਛਿਣ ਦੀ ਵਾਰਤਾ

ਮੁੱਦਤ ਬਾਅਦ
ਅੱਜ
ਸਾਰੀ ਫ਼ਿਜਾ ਮਹਿਕੀ ਪੁਰ-ਨੂਰ ਹੋਈ
ਦੂਰ !
ਪਹਾੜਾਂ 'ਤੇ ਬਨਸਪਤੀ
ਆਪ ਮੁਹਾਰੇ , ਜਗ- ਮਗ ਹੋਈ
ਸੱਤੇ ਪਤਾਲ , ਸਾਰੇ ਮੰਡਲ
ਮੇਰੀ ਝੋਲੀ 'ਚ ਆਣ ਲੱਥੇ
ਦਰਿਆਵਾਂ ,ਨਦੀਆਂ ਦੇ ਵਹਿਣ ਥੰਮੇ,
ਵਕਤ ਦੀ ਟਿੱਕ- ਟਿੱਕ ਰੁਕੀ
ਧਰਤ ਦੀ ਚਾਲ ਯਖ਼ ਹੋਈ
ਰੰਗ , ਫੁੱਲ ਖੁਸ਼ਬੂ , ਮੌਸਮ

ਅਚਾਨਕ
ਮਨ ਦੇ ਵਿਹੜੇ ,ਆ ਬਿਰਾਜੇ
ਅੰਬਾਂ 'ਤੇ ਬੂਰ ਮਹਿਕਿਆ
ਸੁੰਨੇ ਗ਼ਰਾਂ 'ਚ ਕੋਇਲ ਕੂਕੀ
ਬੰਸਰੀ ਨੇ ਮਧੁਰ ਸੁਰ ਛੇੜੇ

ਸੱਬੇ ਪੰਛੀ ਇੱਕ ਤਾਲ 'ਚ ਝੂੰਮੇ
ਪਰੀਆਂ ਅਨਹਦ ਨਾਚ ਨੱਚੀਆਂ
ਅੰਬਰ ਨੇ ਧਰਤੀ ਵੱਲ
ਬਾਹਾਂ ਪਸਾਰ , ਗਲ੍ਹਵੱਕੜੀ ਪਾਈ

ਤੇਰੀ ਆਹਟ ਦੀ ਕਸਤੂਰੀ
ਮਲਕੜ੍ਹੇ ਜਹੇ
ਮੇਰੇ , ਧੁਰ ਅੰਦਰ ਤੀਕ ਫੈਲ ਗਈ
ਤੇਰੇ ਵਜੂਦ ਦੀ ਕਿਣ- ਮਿਣ
ਮੇਰੇ ਬੇਨੂਰ ਅੰਗਾਂ 'ਤੇ
ਰੱਜ ਕੇ ਵਰ੍ਹੀ।
ਤੇਰੀ ਏਸ ਛੋਹ ਸਦਕਾ
ਮੈਂ
ਸਿਰ ਤੋਂ ਪੈਰਾਂ ਤੀਕ
ਸਾਰੇ ਦਾ ਸਾਰਾ
ਆਫਤਾਬ ਹੋਇਆ ।
ਇਉਂ
ਜ਼ਿੰਦਗੀ ਵਰਗਾ

ਤੇਰੇ ਖ਼ਯਾਲ ਦਾ ਝੋਂਕਾ
ਇਕ ਛਿਣ
ਮੇਰੀ ਚੇਤਨਾ ਨੂੰ
ਅਚਨਚੇਤ ਆਣ ਮਿਲਿਆ।

ਸੰਪਾਦਕ - ਰਾਹੁਲ

# ਸੰਵੇਦਨਾ *(FEELINGS)*

ਸਲਾਨਾ ਅੰਕ : 02 2 ਨਵੰਬਰ 2008

**ਸੰਪਾਦਨ :-ਰਾਹੁਲ**
**(ਪੰਜਾਬੀ ਅਧਿਆਪਕ , ਸਰਕਾਰੀ. ਸੈਕੰ,ਸਕੂਲ, ਭੁਸੇ )**

**ਅਸ਼ੀਰਵਾਦ :-ਪ੍ਰੋ ਰੁਪਿੰਦਰ ਮਾਨ**

**Typing**
**Formating**
**Printing & front page creation by :-**

ਸ੍ਰੀਮਤੀ :ਪ੍ਰਤਿਮਾ ਗੁਪਤਾ
ਹਰਜੀਤ ਸਿੰਘ(ਨੌਵੀਂ)
ਮਨਤੇਜ ਸਿੰਘ(ਨੌਵੀਂ)

**ਵਿਸ਼ੇਸ਼ ਸਹਿਯੋਗ: ਸਮੂਹ ਸਟਾਫ**
**ਅਤੇ ਵਿਦਿਆਰਥੀ**

All Rights Are Reserved With the“GYANGULDASTA”

ਮੁੱਲ:- 20 ਰੁਪਏ

| **ਕੀ?** | **ਕਿੱਥੇ?** |
|---|---|

**ਸੰਪਾਦਕੀ**

**ਸਾਲਾਨਾ ਰਿਪੋਰਟ**

**ਸ਼ਾਇਰ ਰੁਪਿੰਦਰ ਨੂੰ ਯਾਦ ਕਰਦਿਆਂ…**

**ਛੇਵੀ**

**ਸੱਤਵੀਂ**

**ਅੱਠਵੀਂ**

**ਨੌਵੀਂ**

**ਦਸਵੀ**

**ਮਹਿਮਾਨ ਸ਼ਾਇਰ:**

**ਪ੍ਰੀਤ ਜਠੌਲ**

**ਹਰਵਿੰਦਰ ਜਠੌਲ**

**ਕਰਮਜੀਤ ਕੌਰ**

**ਸਹਿਦੇਵ ਭਨੋਟ**

**ਰਾਹੁਲ**

**ਟਿੱਪਣੀਆਂ**

# ਸਕੂਲ ਦੀ ਸਾਲਾਨਾ ਕਾਰਗੁਜ਼ਾਰੀ

**ਸਾਡੇ ਸਕੂਲ ਦੇ ਸਾਲਾਨਾ ਨਤੀਜੇ ਇਸ ਪ੍ਰਕਾਰ ਹਨ :**

| ਸਾਲ / ਸੈਸਨ | ਜਮਾਤ | ਪ੍ਰੀਖਿਆ' ਚ ਬੈਠੇ ਵਿਦਿਆਰਥੀ | ਪਾਸ | ਫੇਲ੍ਹ | ਸਕੂਲ % | ਬੋਰਡ% |
|---|---|---|---|---|---|---|
| 2007-08 | ਦਸਵੀਂ | 28 | 28 | ਕੋਈ ਨਹੀਂ | 100% | 75.26% (ਜਨਰਲ) |
| 2007-08 | ਅਠਵੀਂ | 32 | 32 | ਕੋਈ ਨਹੀਂ | 100% | 66.86% (ਜਨਰਲ) |

ਦਸਵੀ ਜਮਾਤ 'ਚੋ ਅੱਵਲ ਰਹੇ ਵਿਦਿਆਰਥੀਆਂ ਵਿੱਚੋ ਪਹਿਲਾ ਸਥਾਨ ਮਨਪ੍ਰੀਤ 78% , ਦੂਸਰਾ ਸਥਾਨ ਜਸਪ੍ਰੀਤ ਕੌਰ 75.8%ਅੰਕ ਅਤੇ ਤੀਸਰਾ ਸਥਾਨ ਮਨਦੀਪ ਕੌਰ 75.3% ਅੰਕ ਪ੍ਰਾਪਤ ਕਰਕੇ ਕੀਤਾ ਹੈ । ਸਮੂਹ ਜਮਾਤ ਦੀ ਪ੍ਰਤੀਸ਼ਤ ਘੱਟੋ-ਘੱਟ 70% ਰਹੀ ।ਜਦ ਕਿ ਅੱਠਵੀਂ ਬੋਰਡ ਵਿੱਚੋ ਪਹਿਲਾ ਸਥਾਨ ਅੰਮ੍ਰਿਤਪਾਲ ਕੌਰ 66% ਅੰਕ, ਦੂਸਰਾ ਸਥਾਨ ਨਵਜੋਤ ਕੌਰ 65.9% ਅਤੇ ਤੀਸਰਾ ਸਥਾਨ ਹਰਪ੍ਰੀਤ ਸਿੰਘ 65.5% ਅੰਕ ਪ੍ਰਾਪਤ ਕੀਤੇ ।

## ਵਿੱਦਿਅਕ ਟੂਰ :

ਵਿਦਿਆਰਥੀਆਂ ਅੰਦਰ ਗਿਆਨ ਦੀ ਜਗਿਆਸਾ ਨੂੰ ਤ੍ਰਿਪਤ ਕਰਨ ਹਿੱਤ ਅਤੇ ਉਨ੍ਹਾ ਅੰਦਰ ਭ੍ਰਮਣ ਦੀ ਰੁਚੀ ਦਾ ਵਿਕਾਸ ਕਰਨ ਲਈ ਵਿਦਿਅਕ ਟੂਰ ਲਗਾਏ ਜਾਂਦੇ ਹਨ । ਇਸ ਵਰ੍ਹੇ 13 ਨਵੰਬਰ ਨੂੰ ਧਾਰਮਿਕ ਸਥਾਨਾਂ ਨੂੰ ਵੇਖਣ ਲਈ ਸਕੂਲ ਵੱਲੋਂ ਟੂਰ ਪ੍ਰੋਗਰਾਮ ਬਣਾਇਆ ਗਿਆ । ਵਿਦਿਆਰਥੀਆਂ ਨੇ ਗੁਰਦੁਆਰਿਆਂ ਵਿਚ ਨਾਨਕ ਸਰ , ਮਹਿੰਦੀ ਆਣਾ ,ਹਰੀਕੇ ਪੱਤਣ ਝੀਲ ਦੀ ਸੈਰ ਕਰਦਿਆਂ ਆਨੰਦ ਅਨੁਭਵ ਕੀਤਾ ।ਇਸ ਟੂਰ 'ਤੇ ਜਾਣ ਕਾਰਨ ਵਿਦਿਆਰਥੀਆਂ ਤੇ ਸਮੂਹ ਸਟਾਫ ਵਿੱਚ ਕਾਫੀ ਉਤਸ਼ਾਹ ਵੇਖਣ ਨੂੰ ਮਿਲਿਆ ।

## ਸਕਾਊਟ ਅਤੇ ਗਾਈਡ :

ਸਕੂਲ ਵਿਚ ਸਕਾਓਟ ਅਤੇ ਸਰਲ ਗਾਈਡ ਦਾ ਯੁਨਿਟ ਚਲ ਰਿਹਾ ਹੈ । ਸਕੂਲ ਵਿਦਿਆਰਥੀਆਂ ਨੇ ਇਸ ਸਾਲ ਗਵਰਨਲ ਐਵਾਰਡ ਲਈ ਛੇ ਸਕਾਓਟ ਭੇਜੇ । ਉਹਨਾ ਨੇ ਨੇ ਲਈ ਗਈ ਪ੍ਰਿਖਿਆਂ ਪਾਸ ਕੀਤੀ । ਪ੍ਰਥਮ ਤੇ ਦਵਿਤੀਏ ਸੋਪਾਨ ਲਈ 26 ਸਕਾਉਟ ਕੈਪ ਲਈ ਭੇਜੇ ਗਏ । ਤਰਿਤੀਏ ਸੋਪਾਨ ਜਕੇਪ ਲਈ ਛੇ ਸਕਾਉਟ ਭੇਜੇ ਗਏ । ਇਸ ਦੇ ਇੰਚਾਰਜ ਸ੍ਰ : ਜਸਵੰਤ ਸਿੰਘ ਜੀ ਹਨ

## ਸਭਿਅਚਾਰ ਗਤੀ ਵਿਦੀਆਂ :

ਵਿਦਿਆਰਥੀਆਂ ਵਿਚ ਪੰਜਾਬੀ ਸਭਿਆਚਾਰ ਪ੍ਰਤੀ ਰੁਚੀ ਪੈਦਾ ਕਰਨ ਲਈ ਅਤੇ ਵਿਰਸੇ ਪ੍ਰਤੀ ਜਾਗਰੂਤ ਰਹਿਣ ਹਿਤ ਹਰ ਵਰੇ ਸਭਿਆਚਾਰਕ ਸਮਾਗਮ ਆਯੋਜਿਤ ਕੀਤੇ ਜਾਦੇ ਹਨ । ਇਸੇ ਲੜੀ ਤਹਿਤ 04 ਨਵੰਬਰ 2008 ਨੂੰ ਸਕੂਲ ਸਟੇਜ ਤੇ ਪੇਸ਼ ਕੀਤਾ ਗਿਆ । ਇਸ ਸਮਾਗਮ ਦੇ ਮੁਖ ਮਹਿਮਾਨ ਡਾ.ਭਪਿੰਦਰ ਸਿੰਘ , ਕੋਆਰਡੀਕੇਦਰ ਸਰਵ ਸਿਖਿਆ ਅਭਿਆਨ , ਅੰਮ੍ਰਿਤਸਰ ਸਨ ।

ਇਸ ਤੋ ਇਲਾਵਾ ਪਿੰਡ ਦੇ ਪਤਵੰਤੇ ਸੱਜਣਾ ਅਤੇ ਸਕੂਲ ਵਿਦਿਆਰਥੀਆਂ ਨੇ ਇਸ ਪ੍ਰੋਗਰਾਮ ਦਾ ਖੂਬ ਆਨੰਦ ਮਾਣਿਆ ।

## ਸਾਹਿਤਕ ਸਰਗਰਮੀਆਂ:

ਸਾਹਿਤ ਪ੍ਰਤੀ ਦਿਲਚਸਪੀ ਪੈਦਾ ਕਰਨ ਲਈ ਸਕੂਲ ਅੰਦਰ ਵਿਸ਼ਸੇ ਸਰਗਰਮੀਆਂ ਆਯੋਜਿਤ ਕੀਤੀਆ ਜਾਂਦੀਆਂ ਹਨ । ਸਕੂਲ ਵਿਦਿਆਰਥੀਆਂ ਨੇ 02 ਨਵੰਬਰ 2005 ਨੂੰ ਆਪਣੀ ਸਾਹਿਤ ਸਭਾ ਸਥਾਪਿਤ ਕੀਤੀ ਜਿਸ ਦਾ ਨਾ ਗਿਆਨ ਗੁਲਦਸਤਾ ਰੱਖਿਆ ਗਿਆ ਹੈ । ਇਹ ਸਾਹਿਤ ਸਭਾ ਹਰ ਵਰੇ 02 ਨਵੰਬਰ ਨੂੰ ਆਪਣਾ ਜਨਮ ਦਿਵਸ ਸਕੂਲ ਅੰਦਰ ਹੀ ਮਨਾਉਦੀ ਹੈ ਸਬ ਦੇ ਸਾਂਝੇ ਯਤਨਾ ਸਸਦਕਾ ਵਿਦਿਆਰਥੀਆਂ ਅੰਦਰ ਰਚਨਾਮਿਕਤ ਨੂੰ ਉਭਾਰਨ ਤੇ ਨਿਖਾਣ ਲਈ ਵੀ ਵਿਸ਼ੇਸ ਯਤਨਸ਼ੀਲਤਾ ਹੈ । ਉਹਨਾ ਨੂੰ ਮੌਲਿਕ ਰਚਨਾਵਾ ਲਿਖਣ ਦੀ ਪ੍ਰੇਰਨਾ ਅਤੇ ਉਤਸ਼ਾਹ ਦਿੱਤਾ ਜਾਦਾਂ ਹੈ ।

## ਸੰਵੇਦਨਾ ਬਾਲ ਰਸਾਲਾ

ਵਿਦਿਆਰਥੀਆਂ ਦੀਆ ਮੌਲਿਕ ਰਚਨਾਵਾ ਦੀ ਤਰਜਮਾਨੀ ਕਰਦਾ ਸਕੂਲ ਦਾ ਬਾਲ ਰਸਾਲਾ ਸੰਵੇਦਨਾ (2007) ਵਿੱਚ ਛਾਪਿਆਂ ਜਾ ਚੁੱਕਾ ਹੈ । ਇਸ ਦੀ ਘੁੰਢ ਚੁਕਾਈ ਦੀ ਰਸਮ ਪੰਜਾਬੀ ਭਵਨ , ਲੁਧਿਆਣਾ ਵਿਖੇ ਪੰਜਾਬੀ ਦੇ ਸਿਰਮੋਰ ਸਾਇਹ ਡਾ:ਸੁਰਜੀਤ ਪਾਤਰ ਜੀ ਪਾਸੋ ਕਰਵਾਈ ਗਈ ਸੀ । ਇਸ ਰਸਾਲੇ ਨੂੰ ਹੁਣ ਇਟਰਨੈਟ ਭਹੳਰੋਟ ਸੳਨਦਸਹ ਞ.ਚੋਮ ਤੇ ਵੀ ਪੜ੍ਹਿਓ ਜਾ ਸਕਦਾ ਹੈ । ਸੰਵੇਦਨਾ ਦਾ ਦੁਸਰਾ ਅੰਕ ਆਪ ਦੇ ਹੱਥਾਂ ਚ, 02 ਨਵੰਬਰ 2008 ਨੂੰ ਕਵੀ ਦਰਬਾਰ ਵੀ ਓਨੋਜਿਤ ਕੀਤਾ ਗਿਆ ਜਿਸ ਦੀ ਪ੍ਰਾਧਨਗੀ ਜਨਾਬ ਦਾਵ ਦਰਦ ਜੀ ਨੇ ਕੀਤਾ ਮਹਿਮਾਣ ਸ਼ਾਇਰਾਂ ਵਿੱਚੋ ਪ੍ਰੋ : ਜਗਦੀਸ਼ ਸਿੰਘ ਕੰਵਲਜੀਤ ਸਿੰਘ ,ਸੁਖਵਿੰਦਰ ਸਿੰਘ ਤੇ ਜੋਗਿੰਦਰ ਸਿੰਘ ਨੇ ਵਿਸ਼ੇਸ ਤੌਰ ਤੇ ਰਚਨਾਵਾ ਪੜ੍ਹ ਕੇ ਗਾ ਕੇ ਸਭ ਦਾ ਮਨ ਸਰਸ਼ਾਰ ਕਰ ਦਿੱਤਾ । ਕਵੀ ਦਰਬਾਰ ਸਵਰਗੀ ਪ੍ਰੋ: ਰੁਪਿੰਦਰ ਮਾਨ ਸਰਕਾਰੀ ਕਾਲਜ ਲੜਕੇ ਲੁਧਿਆਣਾ ਨੂੰ ਸਮਰਪਿਤ ਸੀ । ਕਵੀ ਦਰਬਾਰ ਦਾ ਆਗਾਜ ਰੁਪਿੰਦਰ
ਮਾਨ ਦੀ ਤਸਵਿਰ ਸਾਹਮਣੇ ਸਮਾਂਵ ਰੋਸ਼ਨ ਕਰਕੇ ਕੀਤਾ ਗਿਆ ਰੁਪਿੰਦਰ ਮਾਨ ਯਾਦਗਾਰੀ ਕਵੀ ਦਰਬਾਰ ਵਿੱਚ ਮਹਿਮਾਣ ਸਇਰਾ ਤੋ ਇਲਾਵਾ ਸਕੂਲ ਦੀ ਸਾਹਿਤ ਸਭਾ ਦੇ ਵਿਦਿਆਰਥੀਆਂ ਮਨਦੀਪ ਕੌਰ ਨਵਦੀਪ ਕੌਰ , ਸਨਦੀਪ ਕੌਰ ,ਮਨਦੀਪ ਕੌਰ ਸੁਖਜੀਤ ਕੌਰ ਨੇ ਵੀ ਆਪਣੀਆਂ ਮੌਲਿਕ ਰਚਨਾਵਾ ਪੇਸ਼ ਕੀਤੀਆਂ ।

## ਸਕੂਲ ਲਾਇਬਰੇਰੀ :

ਸਕੂਲ ਵਿਕੇ ਇੱਕ ਮਿੰਨੀ ਲਾਇਬੇਰਰੀ ਹੈ ।ਜਿਸ ਨੂੰ ਸੁੱਚਜੇ ਢੱਗ ਨਾਲ ਸੰਚਾਰਿਤ ਕੀਤਾ ਗਿਆਂ ਹੈ । ਵਿਦਿਆਰਥੀਆਂ ਅੰਦਰ ਪੜ੍ਹਨ ਦੀਆਂ ਰੁਚਿਆਂ ਪੈਦਾ ਕਰਨ ਲਈ ਅਤੇ ਸਾਹਿਤ ਪ੍ਰਤੀ ਲਗਾਉ ਪੈਦਾ ਕਰਨ ਲਈ ਪੁਸਤਕਾ ਘਰਾ ਨੂੰ ਲੇ ਜਾਦੇ ਹਨ । ਅਤੇ ਵਿਹਲੇ ਸਮੈ ਨੂੰ ਪੜ੍ਹਕੇ ਗੁਜਾਰਦੇ ਹਨ ।
ਸੋ, ਇਸ ਤਰਾਂ ਬਾਰਡਰ ਕੰਢੇ ਵੱਸਿਆ ਹੋਣ ਦੇ ਬਾਵਜੂਦ ਇਹ ਤੱਰਕੀ ਦਾਂ ਰਸਮ ਤੇ ਹੈ ਮੈਂ ਆਸ ਕਰਦਾ ਕਿ ਸਾਡਾ ਸਕੂਲ ਅਗੋ ਤੋ ਹਰ ਪੱਖੋ ਹਰ ਤਰ੍ਹਾਂ ਦੀ ਇਸ ਤੋ ਜਿਆਦਾ ਤੱਰਕੀ ਕਰੇਗਾ।ਅਤੇ ਇੱਥੋ ਦੇ ਵਿਦਿਆਰਥੀ ਭਵਿੱਖ ਵਿਚ ਆਪਣੇ ਪਿੰਡ ਦਾ ਨਾਂ ਜਰੁਰ ਰੋਸ਼ਨ ਕਰਨਗੇ । ਸੁਭ ਇਛਾਵਾ ਨਾਲ ।

ਸ੍ਰ : ਜਸਵੰਤ ਸਿੰਘ
(ਮੁੱਖ ਆਧਿਆਪਕ )
ਸਰਕਾਰੀ ਸੈਕੰਡਰੀ ਸਕੂਲ ਭੁੱਸੇ
(ਅੰਮ੍ਰਿਤਸਰ )

# ਸ਼ਾਇਰ ਰੁਪਿੰਦਰ ਨੂੰ ਯਾਦ ਕਰਦਿਆਂ...

ਸ਼ਾਇਰ ਰੁਪਿੰਦਰ ਮਾਨ ਦਾ ਪੂਰਾ ਨਾਂ, ਪ੍ਰੋ. ਰੁਪਿੰਦਰ ਸਿੰਘ ਮਾਨ ਸੀ ।02 ਨਵੰਬਰ 1965 ਨੂੰ ਮਾਤਾ ਗੁਰਦੇਵ ਕੌਰ ਦੀ ਕੁਖੋ , ਆਪਣੇ ਨਾਨਕੇ ਪਿੰਡ ਧੂਰਕੋਟ ਕਲਾਂ , ਜ਼ਿਲਾ ਮੋਗਾ ਵਿਖੇ ਪੈਦਾ ਹੋਇਆ ਪਿਤਾ ਸਰਦਾਰ ਗਿਆਨ ਸਿੰਘ ਮਾਨ ਜੀ ਦਾ ਜੱਦੀ ਪਿੰਡ ਭਾਵੇ ਚੋਕੀ ਮਾਨ (ਲੁਧਿਆਣਾਂ) ਸੀ । ਪਰ ਸਰਕਾਰੀ ਆਧਿਆਪਕ ਹੋਣ ਕਾਰਨ ਉਹ ਜੈਤੋ ਵਿਖੇ ਆਪਣੀਆਂ ਦੋ ਧੀਆਂ ਕਮਲ ਦਮਨ ਜੀਤ ਅਤੇ ਵੱਡੇ ਪੁੱਤਰ ਨਰਿੰਦਰ ਪਾਲ ਸਿੰਘ ਨਾਲ ਹਿਣ ਲੱਗ ਪਏ ਸਨ ।

ਰੁਪਿੰਦਰ ਅਜੇ ਛੋਟਾ ਹੀ ਸੀ ਕਿ ਪਿਤਾ ਜੀ ਬੇਰਨ ਹੈਮਰਿਜ ਕਾਰਨ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ।ਪਿਤਾ ਦੀ ਮੌਤ ਦਾ ਰੁਪਿੰਦਰ ਨੂੰ ਬਹੁਤ ਸਦਮਾ ਰਿਹਾ ਪਰ ਆਪਣੀ ਸਕੂਲ ਵਿਦਿਆਂ ਉਸ ਨੇ ਸਰਕਾਰੀ ਸਕੂਲ ਜੈਤੋ ਤੋਂ ਹੀ ਪ੍ਰਾਪਤ ਕੀਤੀ । ਬੀ. ਏ ਕੋਟਕਪੂਰਾ ਤੋਂ ਕਰਨ ਤੋਂ ਬਾਅਦ ਉਸ ਨੇ ਐਮ. ਏ (ਪੰਜਾਬੀ ) ਕਰਨ ਹਿੱਤ ਪੰਜਾਬੀ ਯੂਨੀਵਰਸੀਟੀ , ਪਟਿਆਲਾ ਦੇ ਰੀਜ਼ਨਲ ਸੈਟਰ ਬਠਿੰਡਾ ਵਿਖੇ ਦਾਖਾਲਾ ਲਿਆ । ਇੱਥੋ ਹੀ ਐਮ .ਫਿਲ (ਪੰਜਬੀ) ਦੀ ਡਿਗਰੀ ਪ੍ਰਾਪਤ ਕਰਕੇ ਯੂ.ਜੀ.ਐਸ ਦੀ ਪ੍ਰਿਖਿਆ ਦੇਣ ਉਪਰੰਤ ਅਧਿਆਪਕ ਖਿਤੇ ਨਾਲ ਜੁੜ ਗਿਆ।

ਰੁਪਿੰਦਰ ਇਕ ਬਹੁਤ ਪਰਭਾਸ਼ਾਲੀ ਸ਼ਖਸ਼ੀਅਤ ਸੀ । ਉਹ ਸਕੂਲ ਪੜਨ ਦੇ ਦੌਰਾਨ ਹੀ ਪੰਜਾਬ ਸਕੂਲ ਸਟੂਡੈਂਟਸ ਯੂਨੀਵਰਸਿਟੀ ਦਾ ਪ੍ਰਦਾਨ ਬਣ ਗਿਆ ਸੀ । ਉਹ ਇਕੋ ਸਮੇਂ ਵਿਦਿਆਰਥੀਆਂ ਅਤੇ ਅਧਿਆਪਕ 'ਚ ਬਹੁਤ ਚਰਚਤਿ ਤੇ ਸਨਮਾਨ ਯੋਗ ਹੋ ਗਿਆ ਸੀ । ਕਵਿਤਾ ਲਿਖਣਾ ਉਸ ਦਾ ਸੋਕ ਸੀ । ਉਹ ਹੁਣ ਤਕ ਅਣਗਿਣਤ ਕਵਿਤਾਵਾਂ ਲਿਖ ਚੁੱਕਾ ਸੀ ।ਉਸ ਦੀਆਂ ਹੁਣ ਤਕ ਛਪਿਆਂ ਪੁਸਤਕਾਂ ਵਿਚ <u>ਕਤਰਾ-ਕਤਰਾ ਮੌਤ</u> , <u>ਅੰਦਰਲੀ ਤਪਸ਼</u> , <u>ਕਿਛੁ ਕਹੀਐ ਕਿਛੁ ਸੁਣੀਐ</u> ,ਅਤੇ ਉਸ ਦੀ ਅੰਤਿਮ ਪੁਤਸਕ <u>ਇਨਕਾਰ ਸਵੀਕਾਰ</u> ਹਨ ।ਉਹ ਪੁਨਰ ਸਮਰੱਥਾਵਾਨ ਸ਼ਾਇਰ ਸੀ । ਉਸ ਦੀਆ ਉਪਰੋਕਤ ਪੁਸਤਕਾ ਪੜ੍ਹਨ ਤੋਂ ਬਾਅਦ ਸਹਿਜ ਰੂਪ ਵਿਚ ਉਸ ਦੀ ਕਵਿਤਾ ਪ੍ਰਤੀ ਸਮਝ ਨੂੰ ਪਰਖਿਆਂ ਜਾ ਸਕਦਾ ਹੈ ।ਉਹ ਮਾਰਕਸਵਾਦ ਦਾ ਸਹਿਨ ਅਧਿਅਨ ਕਰਦਾ ਰਹਿੰਦਾ ਸੀ । ਅਧਿਅਨ , ਅਧਿਆਪਨ ਤੇ ਸਿਰਜਣਾ ਉਸ ਦੇ ਜੀਵਨ ਦੇ ਆਧਾਰ ਬਣ ਗਏ ਸਨ । ਇਨਕਾਰ ਸਵੀਕਾਰ ਪੁਸਤਕ ਵਿਚ ਉਹ ਆਪਣੇ ਬਾਰੇ ਲਿਆਦਾ ਖੁੱਲ੍ਹ ਕੇ ਦੱਸ ਸਕਿਆ ਹੈ। ਏਸ ਪੁਸਤਕ ਵਿਚਲਾ ਰੁਪਿੰਦਰ ਅਸਲੋ ਹੀ ਨਿਵੇਕਲਾ ਰੁਪਿੰਦਰ ਲੱਗ ਰਿਹਾ ਹੈ - ਗੁਰਾਂ ਦਾ ਭਗਤ ਜਾਂ ਫਿਰ ਦਸਮ ਪਿਤਾ ਦਾ ਸਿੱਪਾ ਸਾਲਾਰ

ਜੋ ਆਪਣੇ ਵਿਚਾਰਾਂ ਵਦੇ ਖੰਡੇ ਨਾਲ ਯੁੱਗ ਪਲਟਾ ਦੇਣ ਦੀ ਸਮਰਥਾ ਰੱਖਦਾ ਪ੍ਰਤੀਤ ਹੁੰਦਾ ਹੈ । ਪਿਛਲੇ ਕੁਝ ਸਮੇਂ ਤੋਂ ਉਹ ਵਾਤਾਵਰਨ ਨਾਲ ਜੁੜ ਕੇ ਕੰਮ ਕਰ ਰਿਹਾ ਸੀ । ਉਸ ਨੇ ਪੰਜਾਬ ਨੂੰ ਪ੍ਰਦੂਸ਼ਤ ਮੁਕਤ ਰਾਜ ਬਨਾਉਣ ਲਈ ਆਪਣੇ ਯਤਨ ਤੇਜ਼ ਕਰ ਦਿੱਤੇ ਸਨ । ਇਹ ਉਸ ਦੀ ਹਿੰਮਤ ਹੀ ਸੀ ਕਿ ਪੰਜਾਬ ਅੰਦਰ 40 ਕੁ ਦੇ ਕਰੀਬ ਵਾਤਾਵਰਨ ਬਚਾਉ ਕਮੇਟੀਆ / ਸੰਸਥਾਵਾਂ ਨੂੰ ਇਕ ਮੰਚ ਤੇ ਲਿਆ ਖੜਾ ਕੀਤਾ ਸੀ । ਉਹ ਸੇਵਾ ਪੰਜਾਬ ਨਾਂ ਦੀ ਸੰਸਥਾ ’ਚ ਕਾਰਜਕਾਰਨੀ ਦਾ ਸਰਗਰਮ ਮੈਂਬਰ ਸੀ । ਉਸ ਦੇ ਇਨ੍ਹਾਂ ਸਮਾਗਮਾਂ ’ਚ ਹਰੇਕ ਵਰਗ , ਰਾਜਨੀਤਿਕ ਪਾਰਟੀ , ਫਿਰਕੇ ਦੀਆ ਅਹਿਮ ਸਖ਼ਸੀਅਤਾਂ ਨੂੰ ਇੱਕਠੇ ਕੰਮ ਕਰਦੇ ਵੇਖਿਆ ਜਾ ਸਕਦਾ ਸੀ ।

ਪੰਜਾਬ ਦੀਆ ਸਾਹਿਤ ਸਭਾਵਾਂ , ਵਾਤਾਵਰਣ ਨਾਲ ਜੁੜਿਆਂ ਸੰਸਥਾਵਾਂ , ਅਧਿਆਪਕਾਂ , ਰਾਜਨੀਤਿਕ ਹਲਕਿਆਂ ਅਤੇ ਵਿਦਿਆਰਥੀਆਂ ਅੰਦਰ ਉਸ ਵੇਲੇ ਸੋਗ ਦੀ ਲਹਿਰ ਦੌੜ ਗਈ ਜਦ ਸ਼ਾਮ 6.30 ਵਜੇ (24ਅਗਸਤ2008) ਨੂੰ ਉਸ ਦੀ ਮਾਂ ਸਮੇਤ ਕਾਰ ਹਾਦਸੇ ਮੌਤ ਦੀ ਖਬਰ ਆਈ । ਉਹ ਆਪ ਤਾਂ ਨਹੀ ਰਿਹਾ ਪਰ ਪਿੱਛੇ ਛੱਡ ਗਿਆ ਹੈ, ਅਨੇਕਾਂ ਯਾਦਾਂ ! ਤੇ ਅਧੂਰੇ ਕਾਰਜ , ਜੋ ਹੁਣ ਆਸਾਂ ਪਰੂ੍ਰੇ ਕਰਨੇ ਹਨ ...

-ਸੰਪਾਦਨ -

## ਨਜ਼ਮਾ  ਦਾ ਘਰ

ਉਸ ਰਾਹਾਂ, ਚ ਭਟਕਦੀ ਨੇ
ਆਚਨਕ ਮੇਰੀ ਬਾਂਹ .ਫੜੀ
ਦੂਰ ਕਿਸੇ ਰੋਹੀ ਬੀਆਬਾਨ'ਚ ਜਾ ਕੇ ਕਹਿਣ ਲੱਗੀ
ਆਹ ਲੈ ਮੇਰੇ ਸਾਰੇ ਦਰਦ ਲੈ ਲੈ
ਮੈਨੂੰ ਆਪਣੀ ਸਭ ਤੋਂ ਉਦਾਸ ਨਜ਼ਮ ਦੇ ਦੇ
ਪੜ੍ਹ ਕੇ ਰੋ ਲਿਆ ਕਰਾਂਗੀ
ਆਖਦੇ ਹਨ  ਖੀੜ ਘਟ ਜਾਂਦੀ ਹੈ ।

ਮੈਂ ਆਪਣੀ ਉਦਾਸ ਨਜ਼ਮ
ਉਸ ਦਿਆਂ ਹੱਥਾਂ , ਚ ਥਮਾ
ਵਾਪਸ ਪਰਤ ਆਇਆ

ਯਾਰ ਬੋਲੇ
ਨਜ਼ਮ ਦਾ ਘਰ
ਕਿਸੇ ਦੀ ਤਲੀ ਨਹੀਂ
ਪ੍ਰੈਸੱ  ਦੇ ਅੱਕਰ ਹੁੰਦੇ ਹਨ

ਇਕ ਦਿਨ
ਉਹ ਆਈ ਤਾਂ ਕਹਿਣ ਲੱਗੀ
ਤੇਰਾ ਸੁਕਰੀਆ ਦੋਸਤ
.ਖ਼ੁਦਕਸ਼ੀ ਕੋਲੋ ਦੀ ਪਰਤ ਆਈ ਹਾਂ
ਜ਼ਿੰਦਗੀ ਦੀ ਨੁੱਕਰ ਤੋਂ ਮੁੜ ਆਈ ਹਾਂ
ਇਹ ਆਖਦਿਆਂ
ਉਸ ਦੀਆਂ ਗੱਲ੍ਹਾ ਦੇ ਉਭਾਰਾਂ ,ਚ
ਘੁਲ ਗਿਆ ਸੀ ਸੰਧੂਰ

ਮੈਂ ਬਚਦੀਆਂ ਤਮਾਮ ਨਜ਼ਮਾ ਵੀ
ਉਸ ਦੀ ਝੋਲੀ ਪਾ ਦਿੱਤੀਆਂ
ਤੇ ਕਿਹਾ
ਨਜ਼ਮਾਂ ਦਾ ਘਰ
ਲੋਕਾਂ ਦੇ ਦਿਲਾ ,ਚ ਹੁੰਦਾ ਹੈ ।

ਰੁਪਿੰਦਰ ਮਾਨ

## ਸਿਰੜ

ਮੈ ਇਥੇ ਰੁਕਣਾ ਨਹੀ
ਇਹ ਮੇਰੇ ਰੁਕਣ ਦਾ
ਟਿਕਣਾ ਨਹੀ ਹੈ

ਬੇਸ਼ੱਕ ਉਨਾਂ ਨੇ ਮੇਰੇ ਰਾਹਾਂ ‘ਚ
ਸੂਲਾਂ ਵਿਛਾ ਦਿੱਤੀਆਂ  ਹਨ

ਪਰ  ਮੈਂ ਜਾਵਾਗਾ
ਨੰਗੇ ਪੈਰ ਲੈ ਕੇ
ਹੱਥਾਂ ‘ਤੇ
ਗੋਡਿਆਂ  ਭਾਰ
ਗੱਲ ਕੀ ਮੈਂ ਜਿਸਮ ਦੇ ਹਰ ਅੰਗ ਦੇ ਸਹਾਰੇ ਤੁਰਾਂਗਾ

ਪਰ ਆਪਣੀਆਂ ਅੱਖਾਂ ਨੂੰ
ਜਖਮੀ ਹੋਣ ਤੋਂ ਬਚਾਵਾਂਗਾ

ਜੇ ਅਧਵਾਟੇ ਹੀ ਮੇਰਾ ਹਰ ਅੰਗ ਨਕਾਰਾ ਹੋ ਗਿਆ
ਤਾਂ ਮੈਂ ਆਪਣੀਆਂ ਅੱਖਾਂ ਸਹਾਰੇ ਵੀ ਤੁਰਾਂਗਾ
ਇਸ ਲਈ
ਕਿ ਮੇਰੇ ਪਿੱਛੇ ਆਉਂਦੇ ਪੈਰਾਂ ਦੀ ਤੋਰ
ਮੱਠੀ ਨਾ ਪੈ ਜਾਵੇ
ਮੇਰੇ ਸਿਦਕ ਦੀ ਮੌਤ ਨਾਲ

ਰੁਪਿੰਦਰ ਮਾਨ

## ਭਾਈਆਂ ਬਾਝ

ਮੈਂ ਬਗੈਰ ਬਾਹਾਂ ਤੋਂ ਜਿਉਂ ਰਿਹਾ ਹਾਂ
ਮੇਰੀ ਸੱਜੀ ਬਾਂਹ ਪਰਦੇਸ ਬੈਠੀ
ਤੇ ਖੱਬੀ ਕੁਝ ਸਮੇਂ ਤੋ ਲਾਪਤਾ ਹੈ
ਸੱਚ ਮੰਨਿਓ
ਹਣ ਮੈ ਬਗੈਰ ਬਾਹਾਂ ਤੋ ਜਿਉ ਰਿਹਾ ਹੈ

ਸੁਣਿਆ ਸੀ ਭੱਜੀਆਂ ਬਾਹਾਂ ਗੱਲ ਨੂੰ ਆਉਂਦੀਆਂ ਹਨ
ਪਰ ਮੇਰੇ ਕੋਲ ਤਾਂ ਬਾਹਾਂ ਹੀ ਨਹੀ ਰਹੀਆਂ
ਗਲ ਨੂੰ ਕੀਹਨੇ ਆਉਣਾ ਹੈ

ਟੁੰਡਾ ਹੀ ਰਹਿ ਜਾਂਦਾ
ਤਾਂ ਕੁਝ ਸਬਰ ਕਰ ਲੈਂਦਾ

ਯਕੀਨ ਜਾਣਿਓ
ਮੇਰੇ ਕੋਲ ਤਾਂ ਮੋਢਿਆਂ ਅਗਾਹਾਂ ਕੁਝ ਵੀ ਨਹੀਂ ਬਚਿਆ
ਜੀਵਾਂ ਤਾਂ ਕਿਵੇਂ ਜੀਵਾਂ ?
ਮਰਾਂ ਤਾਂ ਕਿਹੜੇ ਹੱਥਾਂ ਨਾਲ ਸੰਘੀ ਨੱਪਾਂ?
ਮੈਂ ਜੋ ਬਗ਼ੈਰ ਬਾਹਾਂ ਤੋਂ ਜਿਉਂ ਰਿਹਾ ਹਾਂ।

ਰੁਪਿੰਦਰ ਮਾਨ

## ਪੰਛੀ

ਨਿੱਕੇ -ਨਿੱਕੇ ਪਿਆਰੇ ਪੰਛੀ ।
ਸਾਨੂੰ ਲੱਗਣ ਨਿਆਰੇ ਪੰਛੀ
ਕਾਂ ਨੇ ਕਾਂ ਕੀਤੀ ਹੈ ।
ਚੋਗਾ ਖਾ ਕੇ ਉਡੱਣ ਦੀ ਕੀਤੀ ਹੈ ।
ਕਾਂ-ਕਾਂ ,ਚੀ -ਚੀ ਮਚਾਉਂਦੇ ,
ਉਨ੍ਹਾਂ ਕੋਲ ਆ ਕੇ ਅਸੀ ਚੋਗਾ ਪਾਉਂਦੇ
ਕਾਂ ਉਡਿਆਂ ਤੇ ਚੀੜੀ ਵੀ ਓਡੱ ਗਈ ,
ਮੈਂ ਵੇਖਦੀ ਉਹਨਾਂ ਨੂੰ ਚੋਗਾ ਖਾਂਦੇ ।
ਹੱਸਦੇ -ਟੱਪਦੇ , ਆਉਂਦੇ-ਜਾਂਦੇ ।
ਮੋਰਾਂ ਦੇ ਖੰਭ ਰੰਗ -ਬਰੰਗੇ ।
ਕਬੂਤਰਾਂ ਦੀ ਗੁਟਰਗੂੰ -ਗੁਟਰਗੂੰ ਚੰਗੀ ਲੱਗੇ ,
ਨਿੱਕੇ-ਨਿੱਕੇ ਪਿਆਰੇ ਪੰਛੀ ।

ਸਾਨੂੰ ਲੱਗਣ ਨਿਆਰੇ ਪੰਛੀ ।

ਕੋਮਲਪ੍ਰੀਤ ਕੌਰ
ਕਲਾਸ (੬)
ਰੋਲ ਨੰਬਰ_(੪)

## ਤਾਰੇ

ਜਗਦੇ-ਬੁਝਦੇ ਚਮਕਣ ਤਾਰੇ ,
ਕੱਠੇ ਹੋ ਕੇ  ਅੰਬਰੀ ਸਾਰੇ ।
ਟਿਮ-ਟਿਮ ਕਰਦੇ ਲੱਗਣ ਪਿਆਰੇ,
ਅੰਬਰੀ ਜਗਦੇ ਲਾਟੂ ਨਿਆਰੇ ।
ਦਿਨੇ ਵੇਖਾਂ ਤਾਂ ਨਜ਼ਰ ਨਾ  ਆਵਣ ,
ਲੱਖਾਂ ਦੀ ਗਿਣਤੀ ਵਿੱਚ ਤਾਰੇ ।
ਗਿਣੇ ਨਾ ਜਾਂਦੇ , ਲਿਖੇ ਨਾ ਜਾਂਦੇ ,
ਜਗਦੇ-ਬਝਦੇ ਚਮਕਣ ਤਾਰੇ ,
ਕੱਠੇ ਹੋ ਕੇ ਅੰਬਰੀ ਸਾਰੇ ।

ਕੋਮਲਪ੍ਰੀਤ ਕੌਰ
ਕਲਾਸ (6)
ਰੋਲ ਨੰਬਰ -(4)

# ਛੁੱਟੀ

ਅੱਜ ਸਾਨੂੰ ਛੁੱਟੀ ਹੈ,
ਛੁੱਟੀ ਹੈ ਐਤਵਾਰ ਦੀ,
ਦਿਨਾਂ ਦੇ ਸਰਦਾਰ ਦੀ,
ਕਰਦੇ ਉਡੀਕ ਇਸ ਦੀ,
ਆਵੇ ਹਰ ਵਾਰ ਦੀ।
ਅੱਜ ਸਾਨੂੰ ਛੁੱਟੀ ਹੈ,
ਛੁੱਟੀ ਹੈ ਐਤਵਾਰ ਦੀ।
ਅੱਜ ਅਸੀ ਖੇਡਾਗੇਂ- ਖਿਡਾਵਾਂਗੇ,
ਅੱਜ ਅਸੀ ਹੱਸਾਂਗੇ-ਹੱਸਾਵਾਂਗੇ,
ਨੱਚਾਂਗੇ ਟੱਪਾਗੇ, ਕੰਮ ਵੀ ਕਰਾਂਗੇ,
ਅੱਜ ਸਾਨੂੰ ਛੁੱਟੀ ਹੈ,
ਛੁੱਟੀ ਹੈ ਐਤਵਾਰ ਦੀ।
ਜਿਦੋ ਜਿਦੀ ਹੱਸਾਂਗੇ,

ਜਿਦੋ ਜਿਦੀ ਗਾਵਾਂਗੇ,
ਜਿਦੋ ਜਿਦੀ ਭੱਜਾਂਗੇ,
ਤੇ ਮਨ ਪਰਚਾਵਾਂਗੇ।
ਅੱਜ ਸਾਨੂੰ ਛੁੱਟੀ ਹੈ,
ਛੁੱਟੀ ਹੈ ਐਤਵਾਰ ਦੀ,
ਦਿਨਾਂ ਦੇ ਸਰਦਾਰ ਦੀ।

ਕਿਰਨਬੀਰ ਕੌਰ
ਕਲਾਸ ਸੱਤਵੀਂ
ਰੋਲ ਨੰ: (7)

## ਮੇਰਾ ਪੈੱਨ

ਪੈੱਨ ਮੇਰਾ ਹੈ ਬਹੁਤ ਪਿਆਰਾ।
ਚਿੱਟਾ ਤੇ ਹਰਾ ਰੰਗ ਨਿਆਰਾ।
ਬਿਨ ਸਿਆਹੀ ਇਹ ਕੁਝ ਨਾ ਖਾਂਦਾ,
ਇਹ ਸਾਰਾ ਕੰਮ ਲਿਖਦਾ ਜਾਂਦਾ।
ਸਾਫ-ਸਾਫ ਇਹ ਅੱਖਰ ਪਾਵੇ,
ਲਿਖਿਆ ਇਸਦਾ ਸਭ ਨੂੰ ਭਾਵੇ।
ਇਹੋ ਮੈਨੂੰ ਪਾਸ ਕਰਾਵੇ ,
ਪਾਸ ਕਰਾਵੇ ਸ਼ਾਨ ਵਧਾਵੇ।
ਪੈੱਨ ਮੇਰਾ ਹੈ ਬਹੁਤ ਪਿਆਰਾ।
ਚਿੱਟਾ ਤੇ ਹਰਾ ਰੰਗ ਨਿਆਰਾ।

ਸੰਦੀਪ ਕੌਰ
ਕਲਾਸ ਸਤਵੀਂ
ਰੋਲ ਨੰ: (8)

## ਸੋਹਣੇ ਬੱਚੇ

ਸੋਹਣੇ ਬੱਚੇ ਪਿਆਰੇ ਬੱਚੇ।
ਮਾਂ ਦੀ ਅੱਖ ਦੇ ਤਾਰਾ ਬੱਚੇ।
ਮਿੱਠੀਆਂ - ਮਿੱਠੀਆਂ ਗੱਲਾ ਕਰਦੇ,
ਸੱਚ ਬੋਲਣ ਤੋਂ ਕਦੀ ਨਾ ਡਰਦੇ।
ਮਨ ਤੋਂ ਸਭ ਨੂੰ ਪਿਆਰ ਨੇ ਕਰਦੇ।
ਗੁੱਸੇ ਕਦੇ ਨਾ ਮਨ ਵਿੱਚ ਭਰਦੇ।
ਰੱਬ ਇਨ੍ਹਾਂ ਦੀ ਰੱਖਿਆ ਕਰੇ,
ਖੁਸ਼ੀਆਂ ਨਾਲ ਝੋਲੀਆਂ ਭਰੇ।
ਵਾਂਗ ਗੁਲਾਬ ਇਹ ਸੋਹਣੇ ਲੱਗਦੇ,
ਖਿੜ-ਖਿੜ ਹੱਸਣ, ਨੱਚਦੇ- ਟੱਪਦੇ।
ਪੜ ਲਿਖ ਇਹ ਬਨਣ ਮਹਾਨ ,
ਦੇਸ਼ ਦੀ ਉੱਚੀ ਕਰਨਗੇ ਸ਼ਾਨ।
ਸੋਹਣੇ ਬੱਚੇ ਪਿਆਰੇ ਬੱਚੇ।

ਮਾਂ ਦੀ ਅੱਖ ਦੇ ਤਾਰਾ ਬੱਚੇ।

ਸੰਦੀਪ ਕੌਰ
ਕਲਾਸ ਸਤਵੀਂ
ਰੋਲ ਨੰ: (8)

# ਵਹਿਗੁਰੂ ਅੱਲ੍ਹਾ

ਵਹਿਗੁਰੂ ਅੱਲ੍ਹਾ ਅਤੇ ਹੇ ਰਾਮ ।
ਸਭ  ਤੋਂ ਪਹਿਲਾ ਤੁਹਨੂੰ ਪ੍ਰਣਾਮ ।
ਫਿਰ ਪ੍ਰਣਾਮ ਕਰਾਂ ਮਾਤ-ਪਿਤਾ ਨੂੰ ,
ਪਾਲ ਪੋਸ ਰਹੇ ਹਨ ਮੈਨੂੰ ।
ਅਧਿਆਪਕ ਗੁਰਆਂ ਨੂੰ ਪ੍ਰਣਾਮ ,
ਸੀਸ ਝੁਕਵਾ-ਸਵੇਰੇ ਸ਼ਾਮ।
ਵਹਿਗੁਰੂ ਅੱਲ੍ਹਾ ਅਤੇ ਹੇ ਰਾਮ ।
ਸਭ ਤੋ ਪਹਿਲਾ ਤਾਹਨੂੰ ਪ੍ਰਣਾਮ ।
ਮੰਗਾ ਸਦਾ ਅਸੀਸ ਮੈਂ ਇਹੋ ,
ਵਿਦਿਆ ਦਾ ਦਾਨ ਮੈਨੂੰ ਦੇਵੋ ।
ਪੜ੍ਹ ਲਿਖ ਕੇ ਮੈਂ ਬਣਾ ਖੁਸ਼ਹਾਲ,
ਦੁੱਖੀ .ਗਰੀਬ ਦਾ ਰੱਖਾ ਖਿਆਲ

ਵਹਿਗੁਰੂ ਅੱਲ੍ਹਾ ਅਤੇ ਹੇ ਰਾਮ ।
ਸਭ  ਤੋਂ ਪਹਿਲਾ ਤੁਹਨੂੰ ਪ੍ਰਣਾਮ ।

ਸੰਦੀਪ ਕੌਰ (ਸੱਤਵੀਂ )
ਰੋਲ ਨੰਬਰ (8)

# ਕਿੱਕਲੀ

ਕੁੜੀਆਂ ਕਿਕ਼ਲੀ ਪਾਉਦੀਆਂ ਨੇ ਰਲ ਮਿਲ ਗੀਤ ਉਹ ਗਾਉਦੀਆਂ ਨੇ ।
ਸਾਵਣ ਦੇ ਵਿੱਚ  ਪੀਘਾਂ ਝੂਟਣ , ਰਲ ਮਿਲ ਕੇ ਖੁਸ਼ੀ ਮਨਾਉਦੀਆਂ ਨੇ ।

ਇੱਕਠੀਆ ਹੋ ਕੇ ਕੱਡਣ ਫੁਲਕਾਰੀਆਂ,
ਨੱਚਦੀਆਂ ਉਹ ਲੱਗਣ ਪਿਆਰੀਆਂ ,

ਬਣ ਕੇ ਸੋਹਣੀਆ  ਸਨੁੱਖੀਆ ਆਉਦੀਆ ਨੇ,
ਗਿੱਧੇ ਵਿੱਚ  ਆ ਕੇ ਰੌਣਕਾ ਵਧਾਉਦੀਆ ਨੇ ।

ਮਾਰ ਮਾਰ ਅੱਡੀਆ ਉਹ ਧਰਤੀ ਹਿਲਾਉਦੀਆਂ ,
ਪੀਘਾਂ ਵੇਖੋ ਕਿੰਨੀਆ ਉੱਚੀਆ ਚੜਾਉਦੀਆ ।
ਵਾਂਗ ਭੰਬੀਰੀ ਕਿੱਕਲੀ ਨੇ ਪਾਉਦੀਆ ,

ਘਰਾਂ ਤੋਂ ਚਾਈ-ਚਾਈ ਬਣ ਫੱਬ ਆਉਦੀਆ ।

ਪਿੱਪਲ ਥੱਲੇ ਆ ਕੇ ਉਹ ਰੌਣਕਾਂ ਲਾਉਦੀਆ,
ਰੰਗ ਬਰੰਗੇ ਸੂਟ ਪਾ ਕੇ ਨੇ ਆਉਂਦੀਆ ।
ਪੈਰਾ ਵਿੱਚ ਝਾਜਰਾ ਤੇ ਹੱਥਾ ਵਿਚ ਚੂੜੀਆ ,
ਲੱਗਣ ਪਿਆਰੀਆਂ ਉਹ ਸਭ ਤੋਂ ਨਿਆਰੀਆ।

ਕਈ ਕੱਤਣ ਪੁਣੀਆ ,ਕਈ ਪੀਘ ਪਾਉਦੀਆਂ ਨੇ ,
ਵੇਖੋ-ਵੇਖੋ ਆ ਕੇ ਕਿੰਨਾ ਸੋਹਣਾ ਗਾਉਦੀਆਂ ਨੇ,
ਸਾਰਿਆ ਦਾ ਜੀਅ ਕਰਦਾ ਸੁਣਨ ਨੂੰ,
ਕਿੰਨੀਆਂ ਮਿੱਠੀਆਂ ਬੋਲੀਆਂ ਪਾਉਦੀਆਂ ਨੇ।

ਕੁੜੀਆਂ ਕਿੱਕ਼ਲੀ ਪਾਉਦੀਆਂ ਨੇ ਰਲ ਮਿਲ ਗੀਤ ਉਹ ਗਾਉਦੀਆਂ ਨੇ ।
ਸਾਵਣ ਦੇ ਵਿੱਚ ਪੀਘਾ ਝੂਟਣ , ਰਲ ਕੇ ਖੁਸ਼ੀ ਮਨਾਉਦੀਆਂ ਨੇ।

ਮਨਪ੍ਰੀਤ /ਮਨਜੀਤ
ਕਲਾਸ ਅੱਠਵੀਂ
ਰੋਲ ਨੂੰ: (੪,੫)

# ਕਿਤਾਬਾਂ

ਕਿਤਾਬਾਂ ਸਾਨੂੰ ਬਹੁਤ ਪਿਆਰੀਆਂ,
ਗਿਆਨ ਦੀਆਂ ਭਰੀਆਂ ਪਟਾਰੀਆਂ।
ਇਹਨਾਂ ਤੋਂ ਸਾਨੂੰ ਸਿੱਖਿਆ ਮਿਲਦੀ,
ਰੀਝ ਪੂਰੀ ਹੁੰਦੀ ਦਿਲ ਦੀ ।
ਜਦੋਂ ਮੈਂ ਇਹਨਾਂ ਨੂੰ ਪੜਦੀ ਹਾਂ,
ਲੇਖਕਾਂ ਦਾ ਧੰਨਵਾਦ ਕਰਦੀ ਹਾਂ।
ਇਹਨਾਂ ਨੂੰ ਨਾ ਕਰੋ ਬੇਕਾਰ,
ਇਹਨਾਂ ਦੇਣਾ ਜੀਵਨ ਸੰਵਾਰ ।
ਬੋਲੀ ਆਪਣੀ ਤੋਂ ਵਾਰੇ ਜਾਈਏ,
ਪੰਜਾਬੀ ਮਾਂ ਤੋਂ ਬਲਿਹਾਰੇ ਜਾਈਏ।
ਹਿੰਦੀ, ਸਮਾਜਿਕ, ਸਾਇੰਸ, ਅੰਗ੍ਰੇਜੀ,
ਪੜ੍ਹ ਲਉ ਇਸਨੂੰ ਕਰਕੇ ਤੇਜ਼ੀ।
ਕਿਤਾਬਾਂ ਸਾਨੂੰ ਬਹੁਤ ਪਿਆਰੀਆਂ,
ਗਿਆਨ ਦੀਆਂ ਭਰੀਆਂ ਪਟਾਰੀਆਂ।

ਨਾਮ ਜਗਰੂਪ ਕੌਰ
ਕਲਾਸ (ਨੌਵੀਂ)
ਰੋਲ ਨੰ: (5)

## ਸਾਡੇ ਅਧਿਆਪਕ

ਅਧਿਆਪਕ ਸਾਡੇ ਬੜੇ ਹੀ ਚੰਗੇ।
ਬੋਲ ਨਾ ਬੋਲਣ ਕਦੇ ਵੀ ਮੰਦੇ।
ਰੋਜ਼ ਅਸਾਨੂੰ ਪੜਾਉਦੇਂ ਨੇ,
ਪਿਆਰ ਨਾਲ ਸਮਝਾਉਂਦੇ ਨੇ।
ਰੋਜ਼ ਸਕੂਲੇ ਆਉਂਦੇ ਨੇ।
ਮਾਤਾ ਪਿਤਾ ਦੀ ਸੇਵਾ ਕਰਨਾ,
ਨਾਲ-ਨਾਲ ਸਮਝਾਉਂਦੇ ਪੜ੍ਹਨਾ।
ਕੰਪਿਊਟਰ ਸਾਨੂੰ ਸਿਖਲਾਂਦੇ ਨੇ,
ਸਾਇੰਸ ਬਾਰੇ ਵੀ ਸਮਝਾਉਂਦੇ ਨੇ।
ਮਾਤਾ ਪਿਤਾ ਵਾਗੂੰ ਦਿੰਦੇ ਪਿਆਰ,
ਕਹਿੰਦੇ ਕਦੀ ਨਾ ਮੰਨਣੀ ਹਾਰ ।
ਅਧਿਆਪਕ ਸਾਡੇ ਬੜੇ ਹੀ ਚੰਗੇ।
ਬੋਲ ਨਾ ਬੋਲਣ ਕਦੇ ਵੀ ਮੰਦੇ।

ਨਾਮ ਜਗਰੂਪ ਕੌਰ
ਕਲਾਸ (ਨੌਵੀਂ)
ਰੋਲ ਨੰ: (5)

## ਪੰਛੀ

ਛੋਟੇ-ਛੋਟੇ ਪਿਆਰੇ ਪਿਆਰੇ।
ਰੰਗ ਬਰੰਗੇ ਪੰਛੀ ਨਿਆਰੇ।
ਚੀਂਚੀਂ ਕਰਕੇ ਮਨ ਪਰਚਾਉਦੇ,
ਆਪਣਾ ਦਾਣਾ ਆਪ  ਲਿਆਉਦੇ।
ਇੱਕਠੇ ਹੋ ਕੇ ਚੁਗਦੇ ਦਾਣਾ,
ਘਰ ਲਿਆਉਦੇ ਆਪਣਾ ਖਾਣਾ।
ਉੱਡਦੇ ਲਾ ਕੇ ਯਾਰੀਆਂ,
ਦੂਰ ਮਾਰਦੇ ਨੇ ਉਡਾਰੀਆਂ।
ਇਹ ਪੰਛੀ ਨੇ ਰੰਗ ਬਿਰੰਗੇ,
ਮੇਰੇ ਮਨ ਨੂੰ ਲੱਗਣ ਚੰਗੇ।
ਮੋਰ ਜਦੋਂ ਵੀ ਪੈਲਾ ਪਾਉਂਦਾ,
ਮੇਰੇ ਮਨ ਨੂੰ ਬੜਾ ਹੀ ਭਾਉਂਦਾ।
ਪਸੰਦ ਕਰਨ ਇਹਨਾਂ ਨੂੰ ਸਾਰੇ,
ਇਹ ਹਨ ਬੜੇ ਪਿਆਰੇ ।

ਛੋਟੇ-ਛੋਟੇ ਪਿਆਰੇ ਪਿਆਰੇ।
ਰੰਗ ਬਰੰਗੇ ਪੰਛੀ ਨਿਆਰੇ।

ਮਨਦੀਪ ਕੌਰ
ਕਲਾਸ (ਨੌਵੀਂ)
ਰੋਲ ਨੂੰ: (8)

## ਮਿੱਟੀ

ਮਿੱਟੀ ਹੈ ਸਾਡੀ ਧਰਤੀ ਮਾਂ,
ਸਾਨੂੰ ਦੇਵੇ ਰੁੱਖਾਂ ਲਈ ਥਾਂ ।
ਰੁੱਖ ਲਗਾਈਏ ਰੁੱਖ ਵਧਾਈਏ,
ਧਰਤੀ ਨੂੰ ਹਸੀਨ ਬਣਾਈਏ।
ਮਿੱਟੀ ਦੇਵੇ ਸਾਨੂੰ ਜੀਵਨ ਦਾਨ ,
ਸਾਨੂੰ ਇਸਤੇ ਬੜਾ ਹੀ ਮਾਣ।
ਇਸਦੇ ਉਪਰ ਹੈ ਹਰਿਆਲੀ,
ਮਨੁੱਖਤਾ ਨੂੰ ਦੇਵੇ ਖੁਸ਼ਹਾਲੀ ।
ਧਰਤੀ ਮਾਂ ਦਾ ਕਰੀਏ ਸਤਿਕਾਰ,
ਇਹ ਦੇਂਦੀ ਸਾਨੂੰ ਬਹੁਤ ਪਿਆਰ ।
ਧਰਤੀ ਮਾਂ ਦੇ ਬਲਿਹਾਰੇ ਜਾਈਏ,
ਵਾਰ-ਵਾਰ ਅਸੀਂ ਸੀਸ ਝੁਕਾਈਏ।
ਮਿੱਟੀ ਹੈ ਸਾਡੀ ਧਰਤੀ ਮਾਂ,
ਸਾਨੂੰ ਦੇਵੇ ਰੁੱਖਾਂ ਲਈ ਥਾਂ ।

ਮਨਦੀਪ ਕੌਰ
ਕਲਾਸ ਨੌਵੀਂ
ਰੋਲ ਨੰ: (8)

# ਚੁਟਕਲੇ

(੧) ਪੰਜ ਕੀੜੀਆਂ ਰਸਤੇ ਵਿੱਚ ਬੈਠੀਆਂ ਗੱਲਾਂ ਕਰ ਰਹੀਆਂ ਸਨ। ਅਚਾਨਕ ਉਥੋਂ ਦੀ ਇੱਕ ਹਾਥੀ ਲੰਘਿਆ।ਉਥੇ ਬੈਠੀ ਇਕ ਕੀੜੀ ਨੇ ਹਾਥੀ ਨੂੰ ਕਿਹਾ, ਉਏ ਹਾਥੀ ! ਮੇਰੇ ਨਾਲ ਕੁਸ਼ਤੀ ਲੜੇਗਾ ? ਤਾਂ ਬਾਕੀ ਕੀੜੀਆਂ ਨੇ ਉਸਨੂੰ ਰੋਕਦੇ ਹੋਏ ਕਿਹਾ ਨੀ ਰਹਿਣ ਦੇ, ਵਿਚਾਰਾ ਇੱਕਲਾ ਹੈ।

(੨) ਸੁਨੀਲ:- ਸਰ ! ਕੀ ਤੁਸੀਂ ਮੈਨੂੰ ਉਸ ਕੰਮ ਲਈ ਸਜਾ ਦਿਉਗੇ ਜੋ ਮੈਂ ਕੀਤਾ ਹੀ ਨਹੀਂ?
ਸਰ:- ਬਿਲਕੁਲ ਨਹੀਂ।
ਸੁਨੀਲ:- ਤਾਂ ਠੀਕ ਹੈ, ਸਰ ! ਮੈਂ ਹੋਮਵਰਕ ਨਹੀਂ ਕੀਤਾ ।

(੩) ਅਧਿਆਪਕ :- (ਵਿਦਿਆਰਥੀ ਨੂੰ) ਅੱਜ ਦਾ ਪੇਪਰ ਔਖਾ ਸੀ ਜਾਂ ਸੌਖਾ ।
ਵਿਦਿਆਰਥੀ

# ਗਾਂ

ਮੇਰੀ ਪਿਆਰੀ-ਪਿਆਰੀ ਗਾਂ ,
ਚੋਦੀਂ ਇਸ ਨੂੰ ਮੇਰੀ ਮਾਂ।
ਇਕ ਪੂਛ ਤੇ ਲੱਤਾਂ ਚਾਰ,
ਖੁੱਲੀ ਛੱਡੀਏ ਭੱਜਦੀ ਬਾਹਰ।
ਵੱਛੜਿਆਂ ਨੂੰ ਪਿਆਰ ਹੈ ਕਰਦੀ,
ਪਰ ਸਾਡੇ ਤੋਂ ਰਹਿੰਦੀ ਡਰਦੀ।
ਢਿੱਡ ਭਰਨ ਲਈ ਪੱਠੇ ਖਾਂਦੀ,
ਪਾਣੀ ਪੀਣ ਨੂੰ ਭੱਜੀ ਜਾਂਦੀ।
ਕਈ ਵਾਰੀ ਇਹ ਉਦਾਸ ਬਹਿ ਜਾਵੇ,
ਉਦੋਂ ਨਾ ਘਾਹ ਪੱਠੇ ਖਾਵੇ।
ਕਦੀ-ਕਦੀ ਇਹ ਮਾਰਨ ਪੈਂਦੀ ,
ਲੱਗਦਾ ਮੈਨੂੰ , ਛੱਡ ਦਿਉ ਕਹਿੰਦੀ ।
ਇਹ ਹੈ ਬੜੀ ਨਿਆਰੀ ਗਾਂ,
ਮੇਰੀ ਪਿਆਰੀ-ਪਿਆਰੀ ਗਾਂ ,
ਚੋਦੀਂ ਇਸ ਨੂੰ ਮੇਰੀ ਮਾਂ।

ਮਨਦੀਪ ਕੌਰ
ਕਲਾਸ ਨੌਵੀਂ
ਰੋਲ ਨੰ: (9)

# ਮਾਂ

ਕਿੰਨੀ ਸੋਹਣੀ ਮੇਰੀ ਮਾਂ,
ਰੁੱਖਾਂ ਵਾਗੂੰ ਇਹਦੀ ਛਾਂ।
ਛੋਟੇ ਹੁੰਦਿਆਂ ਲਾਡ ਲਡਾਇਆ,
ਵੱਡੇ ਹੋ ਕੇ ਖੂਬ ਪੜ੍ਹਾਇਆ।
ਘਰ ਦਾ ਕੰਮ ਸਾਰਾ ਕਰਦੀ ,
ਨਾ ਅੱਕਦੀ ਤੇ ਨਾ ਥੱਕਦੀ ।
ਕੁੱਛੜ ਚੁੱਕ ਕੇ ਖੂਬ ਖਿਡਾਇਆ,
ਘਰ ਦਾ ਕੰਮ ਵੀ ਕਰਨਾ ਸਿਖਾਇਆ ।
ਗ਼ਲਤੀ ਕਰਾਂ ਤਾਂ ਨਿਰਾਸ ਹੋ ਜਾਂਦੀ,
ਪਰ ਛੇਤੀ ਹੀ ਮੰਨ ਵੀ ਜਾਂਦੀ।
ਸਵੇਰੇ ਸੁਹ ਜਲਦੀ ਉੱਠ ਜਾਂਦੀ,
ਮੈਨੂੰ  ਸਕੂਲੇ ਛੱਡਕੇ ਆਂਉਦੀ ।
ਮਾਂ ਕਰੇ ਮੈਨੂੰ  ਬਹੁਤ ਪਿਆਰ,
ਦਿੰਦੀ ਸਾਡੇ ਤੋਂ ਜਿੰਦ ਵਾਰ ।
ਕਿੰਨੀ ਸੋਹਣੀ ਮੇਰੀ ਮਾਂ,
ਰੁੱਖਾਂ ਵਾਗੂੰ ਇਹਦੀ ਛਾਂ।

ਮਨਦੀਪ ਕੌਰ
ਕਲਾਸ ਨੌਵੀਂ
ਰੋਲ ਨੰ: (੯)

## .ਗਜਲ

ਹਾਲ ਮੁਰੀਦਾਂ ਕਿਸ ਨੂੰ ਕਹੀਏ ।
ਮਿੱਤਰਾਂ ਤੋਂ ਨਿੱਤ ਧੋਖੇ ਸਹੀਏ।

ਇਕੋ ਥਾਂ ਤੇ ਘੁੰਮੀ ਜਾਂਦੇ,
ਇਸ ਜੀਵਨ ਦੇ ਚਾਰੇ ਪਹੀਏ।
ਖਿੱਲਰੇ ਕੰਡੇ ਚੁਗਣੇ ਨੇ ਜੇ,
ਆਉ ਸਾਰੇ ਰਲ ਕੇ ਡਹੀਏ।

ਇਹ ਜੀਵਨ ਹੈ ਚਾਰ ਦਿਹਾੜੇ,
ਸਭ ਦੀ ਸੁਣੀਏ , ਸਭ ਨੂੰ ਕਹੀਏ।

ਇਨਸਾਨਾਂ ਦੀ ਜੂਨ ਪਏ ਹਾਂ,
ਪਸ਼ੂਆਂ ਵਾਗੂੰ ਕਾਹਨੂੰ ਖਹੀਏ।
ਨਜ਼ਰਾਂ ਤੋਂ ਨਾ ਗਿਰੀਏ ਯਾਰੋ,
ਇਕ ਦੂਜੇ ਦੇ ਦਿਲ ਵਿੱਚ ਲਹੀਏ।

ਤੇਜ਼ ਹਨ੍ਹੇਰੀ ਉੱਡ ਜਾਵਾਗੇ,
ਕੱਠੇ ਹੋ ਕੇ ਇਕ ਥਾਂ ਬਹੀਏ ।

ਮਨਪ੍ਰੀਤ ਕੌਰ
ਕਲਾਸ ਨੌਵੀਂ
ਰੋਲ ਨੰ: (੧੨)

## ਧਰਤੀ

ਧਰਤੀ  ਮਾਂ ਤੋਂ ਸਦਕੇ ਜਾਈਏ,
ਇਸ ਉਤੋਂ ਬਲਿਹਾਰੇ ਜਾਈਏ।
ਰੁੱਖਾਂ ਬਿਨ ਹੈ ਸੁੰਨੀ ਧਰਤੀ,
ਰੁੱਖਾਂ ਬਿਨਾਂ ਹੈ ਰੋਦੀਂ ਧਰਤੀ,
ਧਰਤੀ ਤੋਂ ਬਿਨ ਜੀਅ ਨਹੀਂ ਸਕਦੇ,
ਧਰਤੀ ਹੈ ਅਨਮੋਲ ਖਜ਼ਾਨਾ ।
ਇਸ ਨੂੰ ਹਰਿਆ ਭਰਿਆ ਬਣਾਨਾ,
ਹਰੀ-ਭਰੀ ਹੈ ਸੋਹਣੀ ਲੱਗਦੀ।
ਰੁੱਖਾਂ ਨਾਲ ਮਨਮੋਹਣੀ ਲੱਗਦੀ,
ਧਰਤੀ ਹੈ ਗੁਰੂਆਂ-ਪੀਰਾਂ ਦੀ।
ਯੋਧਿਆਂ ਅਤੇ ਸੂਰਬੀਰਾਂ ਦੀ ,
ਇਸ  ਅੱਗੇ  ਅਸੀ ਸੀਸ ਝੁਕਾਈਏ।
ਧਰਤੀ  ਮਾਂ ਤੋਂ ਸਦਕੇ ਜਾਈਏ,
ਇਸ ਉਤੋਂ ਬਲਿਹਾਰੇ ਜਾਈਏ।

ਨਵਦੀਪ ਕੌਰ
ਕਲਾਸ ਨੌਵੀਂ

ਰੋਲ ਨੰ: (13)

# ਪਿਆਰੇ ਬਾਲ

ਨਿੱਕੇ-ਨਿੱਕੇ ਪਿਆਰੇ ਬਾਲ,
ਹੱਸਣ ਖੇਡਣ ਮੇਰੇ ਨਾਲ ।
ਨੱਸਣ,ਟੱਪਣ ਚੁੱਪ ਹੋ ਜਾਵਣ,
ਪੁੱਛਣ ਕਦੇ ਗੰਭੀਰ ਸਵਾਲ ।
ਪੀਘਾਂ ਝੂਟਣ,ਡਿੱਗਣ,ਉੱਠਣ,
ਹੱਸ-ਹੱਸ ਕਦੇ ਹੋਣ ਬੇਹਾਲ ।
ਕਈ ਤਰ੍ਹਾਂ ਦੇ ਪਾਉਂਦੇ ਲੀੜੇ,
ਹਿਕਾਂ ਤੇ ਫੱਬੇ ਲਾਲ ਰੁਮਾਲ ।
ਮੰਮੀ ਆਪਣੀ ਨੂੰ ਬੜਾ ਸਤਾਉਂਦੇ,
ਪਰ ਸੌਂਦੇਂ ਮੰਮੀ ਦੇ ਨਾਲ ।
ਨਿੱਕੇ-ਨਿੱਕੇ ਪਿਆਰੇ ਬਾਲ,
ਹੱਸਣ,ਖੇਡਣ ਮੇਰੇ ਨਾਲ ।

ਨਵਦੀਪ ਕੌਰ
ਕਲਾਸ ਨੌਵੀਂ
ਰੋਲ ਨੰ: (13)

# ਸੂਰਜ

ਜਦ ਸਵੇਰੇ ਸੂਰਜ ਚੜ੍ਹਦਾ ਹੈ,
ਹਨੇਰੇ ਕੋਨੇ ਰੌਸ਼ਨ ਕਰਦਾ ਹੈ।
ਸਵੇਰ ਹੁੰਦੀ ਤਾਂ ਪੰਛੀ ਗਾਵਣ,
ਦਾਣਾ-ਦਾਣਾ ਚੁਗਣ ਨੂੰ ਜਾਵਣ।
ਸੂਰਜ ਚੜ੍ਹਿਆ ਫੁੱਲ ਲਹਿਰਾਏ,
ਪੰਛੀਆਂ ਮਿੱਠੇ ਗੀਤ ਸੁਣਾਏ।
ਜਦ ਸੂਰਜ ਛਿਪ ਜਾਂਦਾ ਏ ,
ਉਦੋਂ ਹਨੇਰਾ ਹੋ ਜਾਂਦਾ ਏ।
ਏਦਾ ਹੀ ਸੂਰਜ ਚੜ੍ਹਦਾ ਰਹੇ,
ਮਨਾਂ ਨੂੰ ਰੌਸ਼ਨ ਕਰਦਾ ਰਹੇ ।
ਸੂਰਜ ਦੀ ਲਾਲੀ ਆਉਂਦੀ ਰਹੇ,
ਸਭ ਦੇ ਮਨ ਨੂੰ ਭਾਉਂਦੀ ਰਹੇ।
ਜਦ ਸਵੇਰੇ ਸੂਰਜ ਚੜ੍ਹਦਾ ਹੈ,

ਹਨੇਰੇ ਕੋਨੇ ਰੌਸ਼ਨ ਕਰਦਾ ਹੈ।

ਨਵਦੀਪ ਕੌਰ
ਕਲਾਸ ਨੌਵੀਂ
ਰੋਲ ਨੰ: (13)

## ਤਿੱਤਲੀ

ਤਿੱਤਲੀ ਵੇਖੋ ਰੰਗ-ਬਰੰਗੀ ,
ਮੇਰੇ ਮਨ ਨੂੰ ਲੱਗੀ ਚੰਗੀ ।
ਮਨ .ਖੁਸ਼ ਕਰਕੇ ਉੱਡਦੀ ਜਾਵੇ ,
ਬੱਚੇ ਫੜ੍ਹਨ ਤਾਂ ਫੜ੍ਹੀ ਨਾ ਜਾਵੇ ।
ਫੁੱਲਾਂ ਤੋਂ ਇਹ ਰਸ ਚੂਸ ਕੇ ,
ਉੱਡਦੀ ਜਾਵੇ ,ਉੱਡਦੀ ਜਾਵੇ ।
ਤਿੱਤਲੀ ਹੈ ਇਹ ਬੜੀ ਸਿਆਣੀ ,
ਵੇਖਣ ਨੂੰ ਇਹ ਲੱਗੇ ਨਿਆਣੀ ।
ਸਾਨੂੰ ਹੈ ਇਹ ਸੋਹਣੀ ਲੱਗਦੀ ,
ਕਿੰਨੀ ਹੀ ਮਨਮੋਹਣੀ ਲੱਗਦੀ ।
ਮੈਂ ਤਾਂ ਇਸਨੂੰ ਫੜ੍ਹ ਫੜ੍ਹ ਹੰਬੀ ,
ਫਿਰ ਵੀ ਮਨ ਨੂੰ ਲੱਗੇ ਚੰਗੀ ।
ਬਣਕੇ ਨਾ ਇਹ ਰਹਿੰਦੀ ਗੰਦੀ ,
ਤਿੱਤਲੀ ਵੇਖੋ ਰੰਗ-ਬਰੰਗੀ ,

ਮੇਰੇ ਮਨ ਨੂੰ ਲੱਗੀ ਚੰਗੀ ।

ਸੁਖਜੀਤ ਕੌਰ
ਕਲਾਸ ਨੌਵੀ
ਰੋਲ ਨੰਬਰ (20)

# ਫੁੱਲ

ਕਿੰਨੇ ਸੋਹਣੇ-ਸੋਹਣੇ ਫੁੱਲ ,
ਮਨ ਨੂੰ ਭਾਉਂਦੇ ਸਨਮੋਹਣੇ ਫੁੱਲ ।
ਲਾਲ ,ਹਰੇ , ਪੀਲੇ , ਨੇ ਫੁੱਲ ,
ਸਾਹਾਂ ਦੇ ਵਿੱਚ ਗਏ ਨੇ ਘੁੱਲ ।
ਚਾਰੇ ਪਾਸੇ ਮਹਿਕਾ ਖਲਾਰਨ ,
ਤਿੱਤਲੀਆ ਆਣ ਉਡਾਰੀਆਂ ਮਾਰਨ ।
ਉਹ ਇਹਨਾਂ ਤੇ ਆਕੇ ਬਹਿਣ ,
ਰਸ ਚੂਸ ਅਲਵਿਦਾ ਕਹਿਣ ।
ਫੁੱਲਾ ਦੇ ਬਿਨਾਂ ਸੁੰਨਾ ਵਿਹੜਾ ,
ਫੁੱਲ ਲਾ ਕੇ ਅਸੀ ਵੰਡੀਏ ਖੇੜਾਂ ।
ਸਾਨੂੰ ਸੋਹਣੇ ਲੱਗਣ ਫੁੱਲ ,
ਤੋੜਨ ਦੀ ਨਾ ਕਰਨਾ ਭੁੱਲ ।
ਆਉ ਆਪਾਂ ਵੀ ਫੁੱਲਾ ਲਾਗਈ ਏ ,
ਇਹਨਾ ਦੀ ਜ਼ਿੰਦਗੀ ਬਚਾਈਏ ।

ਕਿੰਨੇ ਸੋਹਣੇ-ਸੋਹਣੇ ਫੁੱਲ ,
ਮਨ  ਨੂੰ ਭਾਉਂਦੇ ਮਨਮੋਹਣੇ ਫੁੱਲ ।

ਸੁਖਜੀਤ ਕੌਰ
ਕਲਾਸ ਨੌਂਵੀ
ਰੋਲ ਨੰਬਰ

## ਜ਼ਿੰਦਗੀ

ਜ਼ਿੰਦਗੀ ਹੈ ਅਨਮੋਲ ਖਜ਼ਾਨਾ ,
ਇਸਨੂੰ ਐਵੇਂ ਹੀ ਨਾ ਗਵਾਉਣਾ ।
ਇਹ ਹੈ ਦਿੱਤੀ ਰੱਬ ਨੇ ਦਾਤ ,
ਮੁੱਕ ਗਏ ਤਾਂ ਛੁੱਟ ਜਾਣਾ ਸਾਥ ।
ਇਕ ਪਲ ਦੇ ਵਿਚ ਮੁੱਕ ਜਾਣਾ ,
ਸਾਹਾਂ ਨੇ ਜਦ ਰੁਕ ਜਾਣਾ ।
ਘਰ ਆਏ ਨੂੰ ਨਾ ਮੋੜੋ ਖਾਲੀ ,
ਭਰ ਦਿਉ ਤੁਸੀ ਉਸ ਦੀ ਥਾਲੀ ।
ਨਸ਼ਿਆ ਦੀ ਆਦਤ ਨਾ ਪਾਵੋ ,
ਚੰਗਾ ਪੀਵੋ ਚੰਗਾ ਖਾਵੋ ।
ਜ਼ਿੰਦਗੀ ਚੰਗੀ ਜੀਵੋ ਸਾਰੇ ,
ਇਹੋ ਸਾਡੀ ਸਲਾਹ ਹੈ ਪਿਆਰੇ ।
ਜ਼ਿੰਦਗੀ ਹੈ ਅਨਮੋਲ ਖਜ਼ਾਨਾ ,
ਇਸ ਨੂੰ ਐਵੇਂ ਹੀ ਨਾ ਗਵਾਉਣਾ ।

ਮਨਦਪਿ ਕੌਰ
ਕਲਾਸ ਨੌਵੀਂ
ਰੋਲ ਨੰਬਰ (20)

# ਕੀ ਤੁਸੀ ਜਾਣਦੇ ਹੋ ……

1. ਪਹੀਏ ਦੀ ਖੋਜ ਨਵੀਨ ਪੱਥਰ ਯੁਗ ਵਿਚ ਹੋਈ
2. ਹੜੱਪਾ ਸੰਸਕਿਤੀ ਜਾ ਸਿੰਧੂ ਘਾਟੀ ਦੀ ਸਭਿਅਤਾ ਦੀ ਖੋਜ 1921 ਈ: ਵਿਚ ਹੋਈ।
3. ਮਿਸਰ ਵਾਸੀਆ ਦਾ ਵਿਸਵਾਸ ਸੀ ਕਿ ਆਤਾਮ ਕਦੀ ਨਹੀਂ ਮਰਦੀ ਇਸ ਲਈ ਉਹ ਮੁਰਦਿਆ ਦੇ ਸਰੀਰ ਨੂੰ ਮਸਾਲਾ ਲਗਾ ਕੇ ਰੱਖਦੇ ਹਨ। ਜਿਸ ਨੂੰ ਉਹ ਮਮੀ ਨਾਂ ਨਾਲ ਬਲਾਉਦੇ ਸਨ
4. ਅੰਗਰੇਜ਼ ਨੇ 1757 ਈ : ਵਿਚ ਪਲਾਸੀ ਦਾਂ ਲੜਾਈ ਅਤੇ 1764 ਈ : ਵਿਚ ਬਕਸਰ ਦੀ ਲੜਾਈ ਜੱਤ ਕੇ ਬੰਗਾਲ ਤੇ ਜਿੱਤ ਪ੍ਰਾਪਤ ਕੀਤੀ।
5. ਮਯਨਮਾਰ ਜਨਵਰੀ 1948 ਈ : ਵਿਚ ਅਤੇ ਸ਼੍ਰੀਲੰਕਾ ਫਰਵਰੀ 1948 ਈ : ਵਿਚ ਅਜ਼ਾਦ ਹੋਏ।
6. ਪਹਿਲਾ ਵਿਸ਼ਵ ਯੁੱਧ ਜੁਨ 1914 ਵਿੱਚ ਸ਼ੁਰੂ ਹੋਇਆ।
7. ਭਾਰਤ ਵਿਚ ਪਹਿਲੀ ਰੇਲਵੇ ਲਾਈਨ 1853 ਈ : ਵਿਚ ਲਾਰਡ ਡਲਹੋਜੀ ਦੁਆਰਾ ਬਣਾਈ ਗਈ।
8. ਸਵਾਸੀ ਦਯ ਨੰਦ ਧਾਂ ਪ੍ਰਸ਼ੀਧ ਕਿਤਾਬ ਦਾ ਨਾਂ ਸਤਿਆਰਥ ਪ੍ਰਕਾਸ਼ ਸੀ। ਇਹ 1874 ਈ : ਵਿੱਚ ਪ੍ਰਕਾਸ਼ਿਤ ਹੋਈ
9. ਭਾਰਤ ਵਿਚ ਲਗਪਗ 250 ਈ ਵਿਚ ਬੋਤੀਆ ਜਾਂਦੀਆ ਹਨ।
10. ਚੀਨ ਵਿਚ ਅਕਤੂਬਰ 1949 ਨੂੰ ਚੀਨੀ ਲੋਕ ਗਣਰਾਜ ਦੀ ਸਥਾਪਨਾ ਹੋਈ।

11.1929 -33 ਈ : ਵਿਚ ਵਿਸਵ ਯੁੱਧ ਆਰਥਿਕਮੰਦੀ ਦੀ ਲਪੇਟ ਵਿਚ ਆ ਗਿਆ ।ਹਜ਼ਾਰਾ ਬੈਕ ਬੰਦ ਹੋ ਗਏ । ਜਨਤਾ ਦੇ ਕੋਲ ਕੁਝ ਖਰੀਦਣ ਲਈ ਪੈਸੇ ਨਾ ਰਿਹਾ । । ਲੱਖਾਂ ਲੋਕ ਬੇਰੁਜ਼ਗਾਰ ਹੋ ਗਏ ।

12.ਪੰਜਾਬ ਵਿਚ ਉਲੰਪਿਕ ਐਸਸਇਸ਼ਨ ਦੀ ਸਥਾਪਨਾ 1948 ਹੋਈ ਅਤੇ ਇਸ ਦੇ ਪ੍ਰਧਾਨ ਜੀ . ਡੀ ਗੋਧੀ ਅਤੇ ਸੱਕਤਰ ਪ੍ਰੋ: ਐਫ .ਸੀ ਅਰੋੜਾ ਬਣੇ ।

13.ਆਧਨਿਕ ਉਲੰਪਿਕ ਕੇਡ ਦਾ ਆਰੰਭ 1896 ਈ ਵਿਚ ਹੋਇਆ ।

14.ਟੇਬਲ ਟੈਨਿਸ ਦੇ ਮੇਜ਼ ਦੀ ਲੰਬਾਈ 2.74 ਮੀਟਰ ਅਤੇ ਚੌੜਾਈ 15.2ਹੁੰਦੀ ਹੈ ।

15.ਭਾਰਤ ਦੇਸ਼ ਵਿਚ ਲਗਪਗ 6.42 ਲੱਖ ਪ੍ਰਾਇਮਰੀ ਸਕੂਲ ਅਤੇ 2 ਲੱਖ ਅਪਰ ਪ੍ਰਾਇਮਰੀ ਸਕੂਲ ਹਨ ।

16.ਭਾਰਤ ਵਿਚ ਕਾਫੀ ਦਾ ਪਹਿਲਾ ਬਾਂਗ 1840 ਈ : ਵਿਚ ਦੱਖਣੀ ਭਾਰਤ ਵਿਚ ਲਗਾਇਆ ਗਿਆ ।

17.ਬੇਸ਼ਿਕ ਸਿੱਖਿਆ ਦਾ ਸੁਝਾਅ 1937 ਈ : ਵਿਚ ਮਹਾਤਮਾ ਗਾਧੀ ਨੇ ਦਿੱਤਾ ।

18.1795 ਈ ਓਤੇ 1804 ਈ : ਵਿਚ ਕਾਨੂੰਨ ਪਾਸ ਕਰਕੇ ਕੰਨਿਆ-ਹੱਤਿਆ ਤੇ ਰੋਕ ਲਗਾ ਦਿੱਤੀ ।

19.ਅੰਗਰੇਜ ਨੇ ਭਾਰਤ ਵਿਚ ਆਪਣੀ ਪਹਿਲੀ ਵਪਾਰਕ ਫੈਕਟਰੀ 1695 ਈ : ਵਿਚ ਕਲਕੱਤਾ ਵਿਚ ਸਥਾਪਿਤ ਕੀਤੀ।

20.ਬੰਗਾਲ ਦੀ ਵੰਡ 1905 ਈ ਵਿੱਚ ਲਾਰਡ ਕਰਜ਼ਨ ਦੇ ਸਮੇਂ ਹੋਈ ਸੀ ।

ਪਰਭਜੀਤ ਤੇ ਅਮਨ
ਕਲਾਸ (9)

# ਮਨਮੋਹਣੇ ਰੁੱਖ

ਕਿਡੇ ਸੋਹਣ-ਸੋਹਣੇ ਰੁੱਖ ,
ਹਰੇ ਭਰੇ ਮਨਮਹੋਣੇ ਰੁੱਖ ।
ਪੰਛੀ ਇਹਨਾਂ ਤੇ ਆਲ੍ਹਣੇ ਪਾਵਣ ,
ਚੀਂ-ਚੀਂ ਕਰਕੇ ਮਨ ਪਰਚਾਵਣ ।
ਰੁੱਖਾਂ ਦੇਂਦੇ ਸਾਨੂੰ ਠੰਡੀਆਂ ਛਾਵਾਂ ,
ਠੰਡੀਆ ਠੰਡੀਆਂ ਦੇਣ ਹਵਾਵਾਂ ।
ਰੁੱਖਾਂ ਬਿਨ ਨਾ ਹੋਵੇ ਹਰਿਆਲੀ ,
ਜ਼ਿੰਦਗੀ ਚ ਨਾ ਆਵੇ ਖੁਸ਼ਹਾਲੀ ।
ਰੁੱਖਾਂ ਦੇ ਦੇ ਸਾਨੂੰ ਢੇਰਾ ਸੁੱਖ,
ਆਪ ਸਹਿੰਦੇ ਨੇ ਭਾਵੇਂ ਦੁੱਖ ।
ਰੁੱਖਾਂ ਨੇ ਅਸੀਂ ਦੇਈਏ ਪਾਣੀ ,
ਰੁੱਖਾਂ ਦੀ ਹੈ ਜਾਨ ਬਚਾਈ ।
ਰੁੱਖਾਂ ਨੇ ਜਦ ਮਰ ਮੁਕ ਜਾਣਾ ,
ਧਰਤੀ ਨੇ ਬੰਜਰ ਹੋ ਜਾਣਾ ।
ਰੁੱਖ ਬਚਣਗੇ ਤਾਂ ਦੇਵਗੇ ਸੁੱਖ ,

ਜੇਕਰ ਅਸੀਂ ਲਗਾਈਏ ਰੁੱਖ ।
ਕਿਡੇ ਸੋਹਣੇ-ਸੋਹਣੇ ਰੁੱਖ ,
ਹਰੇ ਭਰੇ ਮਨਮੋਹਣੇ ਰੁੱਖ ।

ਨਵਦੀਪ ਕੌਰ
ਕਲਾਸ ਨੌਵੀਂ
ਰੋਲ ਨੰਬਰ (13)

# ਜੇ ਅੱਜ ਨਹੀਂ ਤਾਂ ਕੱਲ੍ਹ ਵੀ ਨਹੀਂ

ਸਾਡੇ ਵਿਚੋਂ ਬਹੁਤ ਸਾਰੇ ਲੋਕ ਅੱਜ ਦਾ ਕੰਮ ਕੱਲ੍ਹ 'ਤੇ ਟਾਲ ਦੇ ਜਾਂਦੇ ਹਨ ਅਤੇ ਉਹ ਕੱਲ੍ਹ ਜਦੋਂ ਅਸੀਂ ਕਲ੍ਹ ਜਦੋਂ ਅਸੀ ਫਲਾਂ ਕੰਮ ਕਰਨ ਬਾਰੇ ਸੋਚਿਆ ਸੀ, ਕਦੀ ਨਹੀਂ ਆਉਂਦਾ ਕਿਉਂਕਿ ਜਦੋਂ ਅਸੀਂ ਉਸ ਕੱਲ੍ਹ 'ਤੇ ਪਹੁੰਚਦੇ ਹਾਂ ਤਾਂ ਉਹ ਅੱਜ ਬਣ ਜਾਂਦਾ ਹੈ ਅਤੇ ਅੱਜ ਦੇ ਕੰਮ ਦੀ ਲਿਸਟ ਵੱਖਰੀ ਹੁੰਦੀ ਹੈ ਅਰਥਾਤ ਟਾਲੇ ਗਏ ਕੰਮ ਲਈ ਸਾਡੇ ਕੋਲ ਸਮਾਂ ਨਹੀਂ ਬਚਦਾ । ਉਹ ਟਾਲਿਆ ਹੋਇਆ ਕੰਮ ਟਲਦਾ ਹੀ ਜਾਂਦਾ ਹੈ। ਉਤੇ ਕਈ ਮਾਮਲਿਆ ਚ ਸਾਨੂੰ ਬਹੁਤ ਨੁਕਸਾਨ ਪਹੁੰਚਾਉਂਦਾ ਹੈ । ਕੱਲ੍ਹ ਦੀ ਇੰਚਾਰਜ ਚ ਅੱਜ ਨੂੰ ਗੁਆ ਦੇਣਾਂ ਕਿਥੋਂ ਦੀ ਸਮਝਦਾਰੀ ਹੈ। ਅੱਜ ਜੋ ਸਮਾਂ ਤੁਹਾਡੇ ਹੱਥ 'ਚ ਹੈ ਕੱਲ੍ਹ ਤੱਕ ਉਹ ਰੇਤ ਵਾਗ ਫਿਸਲ ਜਾਵੇਗਾ ਅਤੇ ਇਹ ਤਾਂ ਤੁਸੀ ਜਾਣਦੇ ਹੀ ਹੋ ਕਿ ਇਕ ਵਾਰ ਬੀਤਿਆ ਹੋਇਆਂ ਸਮਾਂ ਮੁੜ ਵਾਪਸ ਨਹੀਂ ਆਉਂਦਾ। ਇਸ ਲਈ ਅੱਜ ਨੂੰ ਪੂਰਨ ਤੌਰ ਤੇ ਜੀਅ ਲਉ ਇਕ ਦਮ ਤਿਆਰ ਹੋ ਜਾਉ । ਮਿਹਨਤ ਕਰੋ ਅਤੇ ਦ੍ਰਿੜ ਵਿਸ਼ਵਾਸ ਦੇ ਨਾਲ ਆਪਣੀ ਮੰਜ਼ਿਲ ਵੱਲ ਜਾਣ ਦਾ ਪ੍ਰਣ ਕਰੋ।

ਆਪਣੀ ਮਿਹਨਤ ਤੇ ਵਿਸ਼ਵਾਸ ਰੱਖੋ ਅਤੇ ਇਮਾਨਦਾਰੀ ਨਾਲ ਆਪਣੇ ਫਰਜ਼ ਨਿਭਾਉਂਦੇ ਜਾਉ। ਕਿਸੇ ਸ਼ੁਭ ਘੜੀ ਦਾ ਇੰਤਜਾਰ ਵਿੱਚ ਸਮਾਂ ਬੇਕਾਰ ਨਾ ਗਵਾਉ। ਹਰ ਪਲ ਦੀ ਮਿਹਨਤ ਮਿੱਠਾ ਫਲ ਹੀ ਦਿੰਦੀ ਹੈ। ਇਸ ਲਈ ਨਤੀਜੇ ਦੀ ਪਰਵਾਹ ਕੀਤੇ ਬਿਨਾਂ ਜੇ ਤੁਸੀ ਲਗਨ ਨਾਲ ਕੋਈ ਵੀ ਕੰਮ ਕਰੋਗੇ ਉਸ ਕੰਮ 'ਚ ਅਸਫਲ ਹੋਣ ਦੀ ਗੁਜਾਇਸ਼ ਨਹੀਂ ਹੋਵੇਗੀ ।ਇਸ ਲਈ ਕਿਸੇ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਦੀ ਹਿਚਕਿਚਾਹਟ ਨੂੰ ਆਪਣੇ ਦ੍ਰਿੜ ਨਿਸਚੇ ਦੇ ਰੁਮਾਲ ਨਾਲ ਪੂੰਝ ਦਿਉ। ਹਰ

ਉਹ ਘੜੀ ਸ਼ੁਭ ਹੈ ਜਦੋਂ ਕੋਈ ਚੰਗਾ ਕੰਮ ਸ਼ੁਰੂ ਹੁੰਦਾ ਹੈ ਹਾਂ ਜੋ ਘੜੀ ਬੇਕਾਰ ਹੋ ਜਾਵੇ ਉਹੀ ਤੁਹਾਡਾ ਨੁਕਸਾਨ ਹੈ। ਇਸ ਲਈ ਜੋ ਕਰਨਾ ਉਸ ਨੂੰ ਕਰ ਦਿਉ ਕਿਉਂਕਿ ਜੇ ਅੱਜ ਨਹੀਂ ਤਾਂ ਕੱਲ੍ਹ ਵੀ ਨਹੀਂ।

ਪ੍ਰਭਜੀਤ ਕੌਰ
ਕਲਾਸ ਦਸਵੀਂ
ਰੋਲ ਨੰ: (12)

## ਮੇਰੀ ਜ਼ਿੰਦਗੀ

ਮੇਰੀ ਜ਼ਿੰਦਗੀ
ਐਸੀ ਰਾਤ ਬਣ ਗਈ
ਜਿਹਦੇ ਵਿੱਚ ਚੰਨ ਨੇ
ਪੈਰ ਪਾਇਆ ਨਹੀਂ।
ਇਹ ਪਿਆਰ ਤੋਂ
ਪਿਆਸੀ ਲੰਘ ਚੱਲੀ
ਪਰ ਕਿਸੇ ਨੇ ਪਿਆਰ ਦਾ
ਤਾਣਾ ਲਾਇਆ ਨਹੀਂ
ਗਮਾਂ ਦੀਆਂ
ਰਾਤਾਂ ਨੇ ਹਰ
ਪਲ ਸਾਥ ਦਿੱਤਾ,
ਖੁਸ਼ੀ ਦੀ ਹਰ ਰਾਤ
ਬੇਵਫਾ ਨਿਕਲੀ ।

ਜਿਸ ਨੂੰ ਮੈਂ
ਆਪਣੀ ਸਮਝਦਾ ਰਿਹਾ
ਇਹ ਜਿੰਦਗੀ ਵੀ
ਝੂਠੀ ਗਵਾਹ ਨਿਕਲੀ
ਮੌਤ ! ਜਿਸ ਨੂੰ ਮੈਂ
ਪਰਾਈ ਸਮਝਦਾ ਰਿਹਾ
ਇਹ ਮੇਰੇ ਲਈ
ਵਫਾ ਨਿਕਲੀ ।

ਪ੍ਰੀਤ ਜਠੌਲ

# ਭਾਗਭਰੀ

ਕਹਿੰਦੇ ਹਨ ਕਿ ਜਦ ਇਨਸਾਨ ਤੇ ਮਾੜੇ ਦਿਨ ਆਉਦੇਂ ਹਨ ਤਾਂ ਕਿਸਮਤ ਵੀ ਉਸ ਦਾ ਸਾਥ ਛੱਡ ਜਾਂਦੀ ਹੈ। ਮੇਰੀ ਕਹਾਣੀ ਇੱਕ ਅਜਿਹੀ ਔਰਤ ਦੀ ਕਹਾਣੀ ਹੈ ਜਿਸ ਦਾ ਨਾਂ ਤਾਂ ਭਾਗਭਰੀ ਹੈ ਪਰ ਉਸਦਾ ਪਤੀ ਸਿਰ ਤੇ ਨਾ ਹੋਣ ਕਾਰਨ ਉਹ ਅਭਾਗਣ ਸੀ। ਭਾਗਭਰੀ ਵਿਧਵਾ ਦਾ ਜੀਵਨ ਬਤੀਤ ਕਰ ਰਹੀ ਸੀ। ਉਸ ਦੇ ਤਿੰਨ ਪੁੱਤਰ ਹਨ । ਬੱਚਿਆ ਨੂੰ ਉਹ ਕਦੇ ਵੀ ਪਿਤਾ ਦੀ ਕਮੀ ਨਹੀ ਸੀ ਮਹਿਸੂਸ ਕਰਵਾਉਣਾ ਚਾਹੁੰਦੀ । ਉਹ ਆਪਣੇ ਤਿੰਨਾਂ ਪੁੱਤਰਾਂ ਨਾਲ ਬਹੁਤ ਖੁਸ਼ ਸੀ।ਬੱਚਿਆ ਦੇ ਨਾਂ ਸਨ:- ਤੇਜ਼ , ਅਮਰ , ਸਾਹਿਲ।

ਤੇਜ਼ ਤੇ ਅਮਰ ਆਪਣੇ ਪਿਤਾ ਦੀ ਮੌਤ ਵੇਲੇ 6-7 ਸਾਲ ਦੇ ਸਨ ਤੇ ਸਾਹਿਲ ਦਾ ਜਨਮ ਪਿਤਾ ਦੀ ਮੌਤ ਤੋਂ ਬਾਅਦ ਹੋਇਆ। ਭਾਗਭਰੀ ਨੂੰ ਆਪਣੇ ਪਤੀ ਦੀ ਮੌਤ ਤੋਂ ਬਾਅਦ ਬੱਚਿਆਂ ਦੇ ਵੱਡੇ ਹੋਣ ਦਾ ਇੰਤਜਾਰ ਸੀ ਤੇ ਉਹ ਆਪਣੀਆਂ ਅੱਖਾਂ ਵਿੱਚ ਕਈ ਸੁਨਹਿਰੇ ਸੁਪਨੇ ਸੰਜੋਅ ਕੇ ਆਪਣੇ ਬੱਚਿਆਂ ਦੇ ਲਈ ਜੀਅ ਰਹੀ ਸੀ ।

ਉਸ ਨੂੰ ਅੱਜ ਵੀ ਉਹ ਦਿਨ ਯਾਦ ਹੈ ਉਹ ਘਰ ਦਾ ਸਾਰਾ ਕੰਮ ਮੁਕਾ ਕੇ ਸਾਹਿਲ ਨੂੰ ਕੁੱਛੜ ਚੁੱਕ ਕੇ ਨਹਿਰ ’ਤੇ ਕੱਪੜੇ ਧੋਣ ਚੱਲੀ ਸੀ। ਤੇਜ਼ ਤੇ ਅਮਰ ਨੂੰ ਘਰ ਛੱਡਦਿਆਂ ਹੋਇਆਂ ਉਨ੍ਹਾਂ ਨੂੰ ਇੱਕ ਤਰਬੂਜ਼ ਤੇ ਛੁਰੀ ਦਿਤੀ ਕਿ ਭੁੱਖ ਲੱਗਣ ਤੇ ਖਾਂ ਲੈਣ । ਰਸਤੇ ਵਿਚ ਉਸ ਨੂੰ ਆਪਣੀ ਚਾਚੀ ਚਾਚੇ ਨਾਲ ਲੜਦੀ ਡਿਠੀ । ਉਸ ਨੇ ਕਿਹਾ ਕਿ ,ਚਾਚੀ ਐਂਵੇ ਹਰ ਵੇਲੇ ਚਾਚਾ ਨਾਲ ਨਾ ਲੜਿਆ ਕਰ । ਮੈਂ ਵੀ ਤੇਜ਼ ਦੇ ਪਿਤਾ ਨਾਲ ਇਸ ਤਰਾਂ ਹੀ ਲੜਦੀ ਸੀ ਪਰ ਬੰਦੇ ਦਾ ਕੁਝ ਨਹੀਂ

ਬਣਿਆ , ਅੱਜ ਕੱਲ੍ਹ ਮੂੰਹ ਚੋਂ ਨਿਕਲੀ ਹਰ ਗੱਲ ਸੱਚੀ ਹੋ ਸਕਦੀ ਜਾਦੀ ਹੈ । ਇਨ੍ਹਾਂ ਕਹਿ ਕੇ ਉਹ ਅੱਗੇ ਵਧੀ ਤੇ ਚਾਚੀ ਨੂੰ ਕਿਹ ਕਿ ,ਮੈਂ ਨਹਿਰ 'ਤੇ ਕੱਪੜੇ ਧੋਣ ਜਾ ਰਹੀ ਹਾ । ਤੇਜ਼ ਤੇ ਅਮਰ ਦੋਵੇ ਘਰ ਹਨ ਇਨ੍ਹਾਂ ਦਾ ਖਿਆਲ ਰੱਖੀ ।

ਤੇਜ਼ ਤੇ ਓਮਰ ਦਾ ਆਪਸੀ ਪਿਆਰ ਬਹੁਤ ਗੂੜ੍ਹਾ ਸੀ । ਉਹ ਇੱਕਠੇ ਖੇਡ ਰਹੇ ਸਨ ਕਿ ਅਚਾਨਕ ਅਮਰ ਨੇ ਕਿਹਾ ਕਿ ਮੈਨੂੰ ਭੁੱਖ ਲੱਗੀਏ । ਤੇਜ਼ ਨੇ ਕਿਹਾ ਕਿ ਮੰਮੀ ਤਰਬੂਜ਼ ਦੇ ਕੇ ਗਏ ਹਨ । ਥੋੜੀ ਦੇਰ ਤੁਕ ਉਹ ਖਾਵਾਗੇ । ਪਰ ਅਮਰ ਨੇ ਤਰਬੂਜ਼ ਉਸੇ ਵੇਲੇ ਖਾਣ ਦੀ ਜ਼ਿੰਦ ਕੀਤੀ । ਹੁਣ ਦੋਵੇ ਇੱਕਠੇ ਤਰਬੂਜ਼ ਵਿਚਕਾਰ ਲੈ ਕੇ ਬੈਠ ਗਏ । ਤੇਜ਼ ਦੇ ਹੱਥ ਵਿਚ ਛੁਰੀ ਸੀ ਤੇ ਉਸਨੇ ਕਿਹਾ ਕਿ ਤਰਬੂਜ਼ ਮੈ ਚੀਰਾਂਗਾ ਪਰ ਅਮਰ ਨੇ ਤਰਬੂਜ਼ ਖੋਹਦਿਆਂ ਹੋਇਆਂ ਕਿਹਾ ਕਿ ਨਹੀ, ਤਰਬੂਜ਼ ਮੈ ਚੀਰਾਂਗਾ ।ਦੂਵੇ ਹੀ ਇਸ ਗੱਲ ਤੋਂ ਲੜ ਪਏ ਤੇਜ਼ ਨੇ ਅਮਰ ਦੇ ਪੇਟ ਵਿਚ ਛੁਰੀ ਮਾਰ ਦਿੱਤੀ । ਅਮਰ ਨੂੰ ਲਹੂ - ਲੁਹਾਣ ਵੇਖ ਕੇ ਤੇਜ਼ ਘਬਰਾ ਗਿਆ । ਇਨੇ ਨੂੰ ਭਾਗਭਰੀ ਦੀ ਗੁਆਢਣ ਪਾਰੋ ਨੇ ਇਹ ਸਭ ਕੁਝ ਵੇਖ ਲਿਆ ਤੇ ਰੋਲਾ ਪਾ ਦਿੱਤਾ ਕਿ ਤੇਜ਼ ਨੇ ਅਮਰ ਦਾ ਖ਼ੂਨ ਕਰ ਦਿੱਤਾ ਹੈ । ਇਸ ਰੌਲੇ ਨਾਲ ਤੇਜ਼ ਘਬਰਾਂ ਗਿਆ ਤੇ ਮਾਂ ਤੋਂ ਮਾਰ ਦੇ ਡਰ ਕਾਰਨ ਘਰੋ ਪਾਰੋ ਨੇ ਰੋਲਾ ਪਾਉਦੀ ਹੋਈ ਭਾਗਭਰੀ ਤੋ ਪਹੁੰਚੀ । ਜਦੋਂ ਭਾਗਭਰੀ ਨੇ ਇਹ ਖਬਰ ਸੁਣੀ ਤਾ ਉਸ ਦੇ ਪੈਰਾ ਹੇਠੋ ਜ਼ਮੀਨ ਨਿਕਲ ਗਿਆ ।

ਪਾਰੋ ਲੌਰਾ ਪਾਉਂਦੀ ਹੋਈ ਭਾਗਭਰੀ ਕੋਲ ਪਹੁੰਚੀ। ਉਹ ਸਭ ਕੁਝ ਉੱਥੇ ਹੀ ਛੱਡ ਕੇ ਘਰ ਵੱਲ ਨੱਸ ਆਈ ।ਉਦਰ ਤੇਜ਼ ਦੇ ਮਨ ਵਿੱਚ ਡਰ ਹੋਰ ਵੱਧਦਾ ਗਿਆ ।ਉਹ ਲੁਕਣ ਲਈ ਆਟੇ ਦੀ ਚੱਕੀ ਵੱਲ ਦੌੜ ਗਿਆ । ਉਹ ਆਟੇ ਦੀਆ ਲੱਗੀਆਂ ਦੀਆਂ ਧਾਕਾਂ ਵਿਚ ਲੁਕ ਗਿਆ ।ਤੇਜ਼ ਹੁਣ ਸੋਚ ਰਿਹਾ ਸੀ ਕਿ ਸ਼ਾਇਦ ਇੱਥੇ ਉਸ ਨੂੰ ਕੋਈ ਵੀ ਨਹੀਂ ਲੱਭ ਸਕੇਗਾ । ਪਰ ਮਾੜੀ ਕਿਸਮਤ ਨੂੰ ਬਰੀਆਂ ਦੀ ਧਾਕਾਂ ਤੇਜ਼ ਤੇ ਆ ਡਿਗੀਆਂ ਤੇ ਉਹ ਆਟੇ ਦੀਆਂ ਬੋਰੀਆਂ ਹੇਠਾ ਹੀ ਆਪਣਾ ਦਮ ਤੋੜ ਗਿਆ ।

ਇੱਧਰ ਭਾਗਭਰੀ ਅਮਰ ਦੀ ਮੌਤ 'ਤੇ ਕੀਰਨੇ ਪਾ ਰਹੀ ਸੀ ਕਿ ਉਧਰ ਪਿੰਡ ਵਾਲੇ ਤੇਜ਼ ਦੀ ਲਾਸ਼ ਚੁੱਕੀ ਘਰ ਆ ਰਹੇ ਸਨ। ਤੇਜ਼ ਨੂੰ ਵੇਖ ਕੇ ਭਾਗਭਰੀ ਤੇਜ਼ ! ਤੇਜ਼ ! ਪੁਕਾਰਦੀ ਹੋਈ ਉਸ ਵੱਲ ਵਧੀ ਤੇ ਪਿੰਡ ਵਾਲਿਆ ਨੇ ਦੱਸਿਆਂ ਕਿ ਤੇਜ਼ ਇਸ ਦੁਨਿਆਂ 'ਚ ਨਹੀਂ ਰਹਾ । ਭਾਗਭਰੀ ਆਪਣੀ ਸੁੱਧ-ਬੁੱਧ ਖੋ ਬੈਠੀ ਤੇ ਅਰਧ ਪਾਗਲਾਂ ਦੀ ਤਰ੍ਹਾਂ ਬੁੜ-ਬੜਾਂਉਣ ਲੱਗ ਪਾਈ ।

ਉਸ ਨੂੰ ਅਚਾਨਕ ਇੱਕ ਬੱਚੇ ਦੀ ਚੀਕ ਸੁਣਾਈ ਦਿੱਤੀ । ਉਸ ਦਾ ਮੱਥਾ ਠਣਿਕਆ ਤੇ ਉਸ ਨੂੰ ਯਾਦ ਆਇਆ ਕਿ ਉਹ ਸਾਹਿਲ ਨੂੰ ਨਹਿਰ 'ਤੇ ਹੀ ਛੱਡ ਆਈ ਸੀ ।ਭਾਗਭਰੀ ਨਹਿਰ 'ਤੇ ਪਹੁੰਚੀ ਖਿਲਰੇ ਕੱਪੜੇ ਫਰੋਲਣ ਲੱਗੀ । ਕੱਪੜੇ ਫਰੋਲਣ 'ਤੇ ਉਸ ਨੂੰ ਸਾਹਿਲ ਕਿਤੇ ਨਾ ਮਿਲਿਆ । ਸਾਹਿਲ ਦੀ ਦੁੱਧ ਦੀ ਬੋਤਲ ਨਹਿਰ ਦੇ ਕੰਢੇ 'ਤੇ ਪਈ ਹੋਈ ਸੀ ਪਰ ਸਾਹਿਲ ਦਾ ਕੁਝ ਪਤਾ ਨਾ ਲੱਗਿਆ ਕਿ ਉਹ ਰੁੜ੍ਹ ਕੇ ਕਿੱਥੇ ਚਲਾ ਗਿਆ । ਭਾਗਭਰੀ ਨੇ ਵਾਰੀ-ਵਾਰੀ ਜਨਮੇ ਪੁੱਤਰਾਂ ਨੂੰ ਇੱਕ ਦਿਨ ਹੀ ਖੋ ਦਿੱਤਾ । ਭਾਗਭਰੀ ਦੀ ਜ਼ਿੰਦਗੀ ਵਿੱਚ ਇਹੋ ਜਿਹਾ ਅਭਾਗਾ ਤੁਫਾਨ ਆਇਆ ਜੋ ਉਸ ਦੇ ਹੱਸਦੇ- ਵੱਸਦੇ ਘਰ ਉਜਾੜ ਕੇ ਚਲਾ ਗਿਆ । ਭਾਗਭਰੀ ਇੱਕ ਜ਼ਿਉਦੀ ਲਾਸ਼ ਬਣ ਕੇ ਰਹਿ ਗਈ ।

ਜੇਕਰ ਪਾਰੋ ਰੌਲਾ ਨਾ ਪਾਉਂਦੀ ਤਾਂ ਹੋ ਸਕਦਾ ਸੀ ਕਿ ਤੇਜ਼ ਘਰੋਂ ਨਾ ਭੱਜਦਾ ? ਨਾ ਹੀ ਉਹ ਚੱਕੀ ਦੇ ਉਹਲੇ ਬੋਰੀਆਂ ਪਿੱਛੇ ਲੁਕਦਾ ਤੇ ਨਾ ਹੀ ਆਪਣੀ ਜਾਨ ਤੋਂ ਹੱਥ ਧੋਂਦਾ ? ਪਿੰਡ ਵਾਲੇ ਵੀ ਜੇਕਰ ਥੋੜ੍ਹਾ ਹੌਸਲੇ ਤੋਂ ਕੰਮ ਲੈਂਦੇ ਤਾਂ ਤੇਜ਼ ਦੀ ਜਾਨ ਬਚ ਸਕਦੀ ਸੀ । ਪਰ ਕਹਿੰਦੇ ਹਨ ਕਿ ਮਾਂ, ਪੁੱਤਰ ਦੀ ਮੌਤ ਬਾਰੇ ਸੁਣ ਕੇ ਸੁੱਧ- ਬੁੱਧ ਖੋ ਦਿੰਦੀ ਹੈ, ਜੇ ਪਾਰੋ ਭਾਗਭਰੀ ਨੂੰ ਨਹਿਰ 'ਤੇ ਅਮਰ ਬਾਰੇ ਦੱਸਣ ਚਲੀ ਹੀ ਗਈ ਤਾਂ ਭਾਗਭਰੀ ਨੂੰ ਤਾਂ ਨਹੀਂ, ਪਰ ਪਾਰੋ ਨੂੰ ਸਾਹਿਲ ਦਾ ਖ਼ਿਆਲ ਹੋਣਾ ਚਾਹੀਦਾ ਸੀ। ਇਸ ਤਰ੍ਹਾਂ ਸਾਹਿਲ ਦੀ ਜਾਨ ਬਚ ਸਕਦੀ ਸੀ। ਪਰ ਜੇਕਰ ਭਾਗਭਰੀ ਬੱਚਿਆਂ ਨੂੰ ਤਰਬੂਜ਼ ਤੇ ਛੁਰੀ ਨਾ ਦੇ ਕੇ ਜਾਂਦੀ ਤਾਂ ਹੋ ਸਕਦਾ ਸੀ ਕਿ ਅਜਿਹਾ ਕੁਝ ਵੀ ਨਾ ਹੁੰਦਾ ?

ਇਸ ਸਭ ਦਾ ਜਿੰਮੇਵਾਰ ਕੌਣ ਹੈ-

ਭਾਗਭਰੀ?

ਪਿੰਡ ਵਾਲੇ?

ਜਾਂ ਪਾਰੋ?

ਅਜਿਹਾ ਸਭ ਕੁਝ ਕਿਉਂ ਹੋਇਆ?
ਆਖਿਰ ਕਿਉਂ?

ਹਰਵਿੰਦਰ ਜਠੌਲ

## ਪਿਆਰੇ ਬੱਚੇ

ਮਾਤਾ ਪਿਤਾ ਦੇ ਅੱਕ ਦੇ ਤਾਰੇ ,
ਸਭ ਦਾ ਦਿਲ ਪ੍ਰਚਾਉਂਦੇ ਬੱਚੇ ।
ਬਸਤੇ ਲੈ ਸਕੂਲ ਨੂੰ ਜਾਂਦੇ ,
ਬਹੁਤ ਹੀ ਮਨ ਨੂੰ ਭਾਉਂਦੇ ਬੱਚੇ ।
ਦਿਲ ਲਾ ਕੇ ਜੋ ਕਰਨ ਪੜ੍ਹਾਈ ,
ਉਚੀ ਵਿਦਿਆ ਪਾਉਂਦੇ ਹਨ ।
ਜੋ ਵੱਡਿਆਂ ਦਾ ਆਦਰ ਕਰਦੇ ,
ਉਹ ਵੀ ਆਦਰ ਪਾਉਂਦੇ ਬੱਚੇ ।
ਮਿਹਨਤ ਕਰਕੇ ਅਫਸਰ ਬਣਕੇ ,
ਦੇਸ਼ ਦਾ ਨਾਂ ਚਮਕਾਉਂਦੇ ਬੱਚੇ ।
ਵੱਡੀਆਂ - ਵੱਡੀਆਂ ਪੁੱਟ ਪੁਲਾਂਘਾਂ,

ਸਭ ਦਾ ਰਾਹ ਰੁਸ਼ਨਾਉਂਦੇ ਬੱਚੇ।
ਦੇਸ਼ ਦੀ ਹਰ ਔਕੜ ਸਰ ਕਰਕੇ ,
"ਜੱਸਲ" ਦਾ ਮਾਨ ਵਧਾਉਂਦੇ ਬੱਚੇ ।

ਸ੍ਰੀਮਤੀ ਕਰਮਜੀਤ ਕੌਰ
(ਪੰਜਾਬੀ ਮਿਸਟ੍ਰੇਸ )
ਸ.ਸ.ਸ.ਸ ਭਕਨਾ ਕਲਾਂ
(ਅੰਮ੍ਰਿਤਸਰ )

## ਗੀਤ

ਛੱਲਾ ਜਦੋਂ ਤੱਕਿਆ ਯਾਦ ਤੇਰੀ ਆਈ ਏ ।
ਲੋਕੀਂ ਕਹਿਣ ਮਾਹੀ ਤੇਰਾ ਬੜਾ ਹਰਜਾਈ ਏ।

ਯਾਦਾਂ 'ਚ ਗਵਾਚਿਆਂ ਨੂੰ ਨੀਦਰਾਂ ਨਾ ਆਂਦੀਆਂ ।
ਦਿਨੇ ਰਾਤੀ ਚੰਨਾਂ ਯਾਦਾਂ ਤੇਰੀਆਂ ਸਤਾਉਂਦੀਆਂ ,
ਸਾਡਿਆਂ ਨਸੀਬਾਂ ਵਿਚ ਲਿਖੀ ਕਿਉਂ ਜੁਦਾਈ ਏ ,
ਛੱਲਾ ਜਦੋਂ ਤੱਕਿਆ ...

ਕਦੇ ਤੱਕਾਂ ਰਾਹਾਂ ਕਦੇ ਤੱਕਾਂ ਤਸਵੀਰ ਨੂੰ ,
ਮੋੜ ਲੈਂ ਮੁਹਾਰਾਂ ਮਾਫ ਕਰ ਤਕਸੀਰ ਨੂੰ ,
ਤੇਰੀਆਂ ਮੁੱਹਬਤਾਂ ਨੇ ਕਮਲੀ ਬਣਾਈ ਏ ।
ਛੱਲਾ ਜਦੋਂ ਤੱਕਿਆ ...

ਆਖਦਾ ਏ ਦਿਲ ਮੇਰਾ ਤੂੰ ਹਰਜਾਈ ਏਂ ,
ਮੈਂ ਸਹਿਦੇਵ ਕੋਲੋ ਕਦੇ ਵੀਂ ਪਰਾਈ ਨਹੀਂ,
ਮਿੱਤਰਾਂ ਵੇ ਅੱਜ ਤੇਰੇ ਨਾਮ ਦੀ ਦੁਹਰਾਈ ਏ ।

ਛੱਲਾ ਜਦੋਂ ਤੱਕਿਆ ...

## ਗੀਤ

ਨੈਣਾਂ ਦੀਆਂ ਸਿੱਪੀਆਂ 'ਚ ਲੈ ਕੇ ਹੁੰਝ ਪਿਆਰ ਦੇ ।
ਵੇਖ ਲੈ ਬੀਬਾ ਦਿਨ ਕਿਵੇ ਹਾਂ ਗੁਜ਼ਾਰ ਦੇ ।
ਰਾਤਾਂ ਨੂੰ ਨਾ ਨੀਂਦ ਤੇ ਨਾ ਚੈਨ ਆਵੇ ਤੜਕੇ ,
ਜਦੋਂ ਯਾਦ ਆਵੇ ਬੈਠ ਜਾਈਏ ਦਿਲ ਫੜ੍ਹ ਕੇ ,
ਥੱਕ ਗਏ , ਆਂ ਚੰਨਾ ਰਾਹਾਂ ਤੇਰੀਆਂ ਨਿਹਾਰ ਕੇ ।

ਨੈਣਾਂ ਦੀਆਂ ਸਿੱਪੀਆਂ ...

ਕਸਮ ਖੁਦਾ ਦੀ ਕਰ ਕੁਝ 'ਤੇ ਖਿਆਲ ਵੇ,
ਅਸਾਂ ਵੀ ਮੁਹਬਤਾਂ ਪਾਈਆਂ ਤੇਰੇ ਨਾਲ ਵੇ ,
ਪਿਆਸੀਆਂ ਦੀਦਾਰ ਦੀਆਂ ਅੱਖਾਂ ਨੂੰ ਦੀਦਾਰ ਦੇ।

ਨੈਣਾਂ ਦੀਆਂ ਸਿੱਪੀਆਂ ...

ਸੋਹਣੀ ਨੂੰ ਖਾ ਗਈ ਸੀ ਵਾਟ ਇੱਕ ਝਨਾਂ ਦੀ ,
ਵੇਖੀ ਲਾਜ ਰੱਖੀ ਸਹਿਦੇਵ ਪਫੜ੍ਹੀ ਬਾਂਹ ਦੀ ,
ਤਪਦੇ ਦਿਲਾਂ ਤਾਈ ਆਨ ਕੇ ਤੂੰ ਠਾਰ ਦੇ।

ਨੈਣਾਂ ਦੀਆਂ ਸਿੱਪੀਆਂ ...

ਸਵ:ਸਹਿਦੇਵ ਭਨੋਟ (ਕੋਟ ਖਾਲਸਾ ਅੰਮ੍ਰਿਤਸਰ)

## ਬੇਕਦਾਰ ਸ਼ਾਇਰ

ਤੂੰ
ਹੁਣ ਹੀ ਮੇਰੇ ਅੰਗ-ਸੰਗ ਨਹੀਂ
ਓਦੋਂ ਤੋਂ ਹੈ
ਜਦੋਂ ਧਰਤੀ 'ਤੇ ਪਹਿਲਾ ਬੀਜ ਪੁੰਗ਼ਰਿਆ ਸੀ
ਜਦੋਂ ਪਹਲਿੇ ਆਂਡੇ 'ਚ ਜੀਵਨ ਧੜਕਿਆ ਸੀ
ਤੇ
ਆਦਿ ਮਾਨਵ ਅਜੇ ਸੁ਼ਹਮਾ ਦੀਆਂ ਸੋਚਾਂ ਚ ਸੀ
ਮੈਂ
ਜਿਸ ਦਾ ਕਰਦਾ
ਏਨੇ ਲੰਮੇ ਪੈਂਡੇ ਨੂੰ
ਜੋ ਤੂੰ ਯੁੱਗਾਂ ਤੋਂ
ਹਨੇਰੀਆਂ ,ਝੱਕੜਾਂ ਦੀਆਂ ਥਪੇੜਾਂ ਸਹਿ ਕੇ ਕੀਤਾ ਹੈ
ਤੂੰ ਹਰ ਯੁਗ 'ਚ ਮੈਂ
ਪਰ !

ਤੇਰੀ ਮੇਰੀ ਪਹਿਲੀ ਮਿਲਣੀ ਉਦੋਂ ਹੋਈ
ਜਦੋਂ ਅਜੇ ਮੈਂ ਹੋਸ਼ ਵੀ ਨਹੀਂ ਸੀ ਸੰਭਾਲੀ
ਹਰ ਚਿਣ 'ਚ ਹੈ
ਪਰ !
ਮੈ ਤੇਰੇ ਧੁੰਦਲੇ ਅੰਗਾਂ ਨੂੰ
ਖਿਆਲਾਂ 'ਚ
ਸਿਆਣਨ ਦਾ ਤੱਰਦਦ ਕਰਦਾ ਸਾਂ
ਪਰ ਤੂੰ ਹਮੇਸ਼ਾ
ਮੇਰੀ ਪਕੜ ਤੋਂ ਬਾਹਰ ਰਹੀ
ਤੇ
ਜਦ ਕਦੇ ਤੂੰ ਰੂਪੋਸ਼ ਹੋਈ
ਮੈਂ ਹੋਟਾ 'ਤੇ ਚੁੱਪ ਸਜਾਏ
ਤੈਨੂੰ
ਭੰਬੀਰੀਆਂ , ਪਰਿੰਦਿਆਂ
ਤੇ
ਆਲ- ਦੁਆਲੇ 'ਚ ਤਾਲਸ਼ਦਾ ਰਿਹਾ ।
ਏਸੇ ਤਲਾਸ਼ 'ਚ
ਮੇਰਾ ਬਾਲਪਨ
ਅਠਖੇਲੀਆਂ ਕਰਨ ਦੀ ਥਾਵੇਂ
ਚਿੰਤਨਸ਼ੀਲ ਰਿਹਾ।

ਅੱਜ ਕੁੱਲੀ ਜੁੱਲੀ ਲਈ
ਕੋਹਲੂ ਦਾ ਬੈਲ ਬਣਿਆ
ਤੁਰਿਆ ਜਾ ਰਿਹਾਂ
ਤੜਕ ਤੋਂ ਸਾਂਝ ਤਕ
ਤਾਂ ਅਚਾਨਕ ।
ਤੂੰ ਹਲੂਣ ਦਿੰਨੀ ਏ ।
ਕਿ
ਮੇਰਾ ਤੇਰੇ ਨਾਲ ਵੀ ਕੋਈ ਰਿਸ਼ਤਾ ?
ਮੈਂ ਬੇਧਿਆਨਾ
ਚੂਰ ਹੋਏ ਜਿਸਮ ਨੂੰ
ਸਿਆਲ ਦੀਆ ਰਾਤਾਂ 'ਚ
ਰਜ਼ਾਈ ਦਾ ਨਿੱਘ ਦਿੰਦਾਂ
ਤੇਰੀ ਸਰਸਰਾਹਟ ਹੁੰਦੀ ਏ ।
ਤੂੰ
ਸੰਵਾਦ ਰਚਾਉਂਦੀ ਏ

ਚੰਦ ਤਾਰਿਆਂ , ਕਦੇ ਬਹਿਮੰਡਾ ਦਾ
ਮੈਂ ਜਾਗੋ ਮੀਟੀ 'ਚ ਹੁੰਗਾਰੇ ਭਰਦਾਂ
ਮਾਂ , ਚੁੱਲ੍ਹੇ 'ਤੇ ਤੇਲ ਗਰਮ ਕਰਕੇ
ਮੈਨੂੰ ਬੁੜਬੜਾਉਂਦੇ ਦਾ ਤਾਲੂ ਝੱਸਦੀ
ਤੇ ਮੇਰੀਆਂ ਬਦਬਲਾਵਾਂ
ਆਪਣੇ ਸਿਰ ਲੈਣ ਲਈ
ਅਰਦਾਸਾਂ ਕਰਦੀ ਏ ।
ਐਂ!
ਮੇਰੀ ਮਹਿਬੂਬ ਨਜ਼ਮ
ਮੈਂ ਜਾਣਦਾ
ਤੂੰ ਆਦਿ ਤੋਂ ਮੇਰੇ ਨਾਲ ਹੈਂ
ਅੰਤ ਵੇਲੇ ਵੀ
ਤੂੰ ਹੀ ਮੋਢਾ ਦੇਣਾ
ਪਰ
ਅੱਜ ਫੇਰ
ਮੈਂ 'ਤੈਥੋਂ ਪਾਸਾ ਮੋੜ
.ਫਰਜ਼ਾਂ ਨਾਲ ਗੁਲਵੱਕਵੀ ਪਾ
.ਗਹਿਰੀ ਨੀਂਦ ਵੱਲ ਪਰਤ ਚੱਲਿਆਂ ।

ਰਾਹੁਲ

# ਨਾਰੀ ਦਾ ਅਕਸ

ਦੁਨੀਆਂ ਦੇ ਦਰਪਣ'ਚੋਂ
ਆਪਣਾ ਅਕਸ ਲੱਭਦੀ ਹੋਈ
ਆਪਣੇ ਵਜੂਦ ਨੂੰ ਟਟੋਲਦੀ ਹੋਈ
ਆਪਣੀ ਜ਼ਿੰਦਗੀ 'ਚੋਂ ਜ਼ਿੰਦਗੀ ਲੱਭਦੀ ਹੋਈ।

ਮੈ ਨਾਰੀ ਹਾਂ...
ਆਪਣੇ ਜਜ਼ਬਾਤਾਂ ਨੂੰ ਵਿੰਨ੍ਹਦੀ ਹੋਈ
ਬਾਪ ਦੀ ਪਗੜੀ ਨੂੰ ਬੇਦਾਗ ਤੇ ਉੱਚਾ ਚੁੱਕਣ ਦੀ
ਕੋਸ਼ਿਸ਼ ਵਿੱਚ ਹਰ ਜ਼ਿੰਮੇਵਾਰੀ ਨੂੰ ਨਿਭਾਉਂਦੀ ਹੋਈ
ਆ ਪਹੁੰਚੀ ਹਾਂ ਉਸ ਮੁਕਾਮ 'ਤੇ
ਜਿੱਥੇ ਹੱਥੀਂ ਇਨਕਲਾਬ ਹੈ

ਤੇ ਪੈਰੀਂ ਜ਼ੰਜ਼ੀਰਾਂ।

ਹਾਂ, ਮੈਂ ਨਾਰੀ ਹਾਂ...
ਦੁਨੀਆਂ ਦੇ ਦਰਪਣ ’ਚੋਂ ਆਪਣਾ
ਅਕਸ ਲੱਭਦੀ ਹੋਈ
ਕਦੇ ਲਕਛਮੀ ਬਾਈ ਟਟੋਲਦੀ ਹਾਂ
ਤੇ ਕਦੇ ਸਰੋਜਨੀ ਤੇ ਅੰਮ੍ਰਿਤਾ ਨੂੰ...
ਨਾਰੀਆਂ ਸੀ ਉਹ ਜਿੰਨ੍ਹਾ ਬਦਲ ਦਿੱਤਾ
ਇਤਿਹਾਸ ਸਾਰਾ...
ਪੈਂਡੇ ਲੰਮੇ ਜਾ ਘੱਤੇ ਇੱਕ ਮੰਜ਼ਿਲ
ਨੂੰ ਪਾਉਣ ਲਈ
ਕੀ ਮੈਂ ਓਹੀ ਨਾਰੀ ਹਾਂ...
ਜਿਸ ਦੀ ਪਹਿਚਾਣ ਲੁੱਕੀ ਹੈ
ਕਿਸੇ ਦੀ ਧੀ, ਭੈਣ, ਪਤਨੀ ਤੇ ਮਾਂ ਦੀ
ਪਹਿਚਾਣ ’ਚ...
ਅੱਜ ਵੀ ਦਰਪਣ ਦੇਖ ਕੇ ਖੋਜਾਂ
ਆਪਣੇ ਵਸੀਲਿਆ ਨੂੰ
ਟਟੋਲਾ ਉਹ ਰਾਸਤੇ ਤੇ ਰਾਹਾਂ ਨੂੰ
ਜਿਸ ਦੇ ਅੱਗੇ ਰਸਤੇ ਨੇ ਬਥੇਰੇ
ਪਰ ਮੰਜ਼ਿਲ ਦੀ ਭਿਣਕ ਨਹੀਂ ਦੂਰ ਦੁਰੇਡੇ
ਪਰ ਮੰਜ਼ਿਲ ਦੀ ਭਿਣਕ ਨਹੀਂ ਦੂਰ ਦੁਰੇਡੇ

## ਦਰਦ ਦੀ ਸਵੇਰ

ਦਰਦਾਂ ਦੇ ਮਾਹੀਆਂ ਵੇ
ਮੈਨੂੰ ਐਸਾ ਦਰਦ ਤੂੰ ਦੇ
ਸੁੱਖਾਂ ਦਾ ਕੋਈ ਪਲ ਨਾ ਹੋਵੇ
ਦਰਦ ਹੀ ਦਰਦ ਦਿਸੇ

ਨਿੱਤ ਨਵੀਂ ਸਵੇਰ ਹੋਵੇ ਉਸਦੀ
ਨਿੱਤ ਸ਼ਾਮਾਂ ਨੂੰ ਮਰ ਜਾਵੈ
ਨਿੱਤ ਨਵਾਂ ਦਰਦ ਬਣਕੇ
ਰੋਜ਼ ਆਣ ਮੈਨੂੰ ਜਗਾਵੈ
ਦਰਦਾਂ ਦੇ ਮਾਹੀਆਂ ਵੇ ਮੈਨੂੰ

ਐਸਾ ਦਰਦ ਦੇ...

ਨਵੀਂ ਜਵਾਨੀ ਚੜੈ ਉਹਨੂੰ
ਜਿਉਂ-ਜਿਉਂ ਮੈਂ ਹੰਢਾਵਾਂ
ਹੋਕਿਆਂ ਨਾਲ ਲਘਾਵਾਂ ਉਸਨੂੰ
ਹੰਝੂਆਂ ਨਾਲ ਪੀ ਜਾਵਾ
ਦਰਦਾ ਦੇ ਮਾਹੀਆਂ ਵੇ...
ਦੁੱਖ ਹੀ ਸੱਚਾ ਸਾਥੀ ਬਣਕੇ
ਸਦਾ ਹੀ ਸਾਥ ਨਿਭਾਵੈ
ਸੁੱਖ ਤਾਂ ਦੋ ਪਲ ਦਾ ਸਾਥਿ
ਛੁਡਾ ਪੱਲਾਂ ਨੱਸ ਜਾਵੈ
ਦਰਦਾਂ ਦੇ ਮਾਹੀਆਂ...

ਸ਼੍ਰੀਮਤੀ.ਬਬੀਤਾ
(ਅੰਗਰੇਜੀ ਮਿਸਟ੍ਰੇਟ)
ਸ.ਸ.ਸ.ਭੁੱਸੇ
(ਅੰਮ੍ਰਿਤਸਰ)